# Samaj Weekly
# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 3 : # ਅੰਕ 273 16/01/2025 www.samajweekly.com samajweekly @samajweekly samajweekly


# ਖਨੌਰੀ ਬਾਰਡਰ 'ਤੇ 111 ਕਿਸਾਨ ਮਰਨ ਵਰਤ 'ਤੇ ਬੈਠੇ, ਡੱਲੇਵਾਲ ਦੀ ਸਿਹਤ ਦਿਨੋਂ-ਦਿਨ ਹੋ ਰਹੀ ਲਗਾਤਾਰ ਖ਼ਰਾਬ

**ਖਨੌਰੀ।** ਖਨੌਰੀ ਬਾਰਡਰ ਉੱਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਮਰਨ ਵਰਤ ਜਾਰੀ ਹੈ। ਡੱਲੇਵਾਲ ਦਾ ਮਰਨ 51ਵੇਂ ਦਿਨ ਵਿੱਚ ਦਾਖਲ ਹੋ ਗਿਆ ਹੈ। ਡੱਲੇਵਾਲ ਦੀ ਸਿਹਤ ਦਿਨੋਂ-ਦਿਨ ਵਿਗੜੀ ਜਾ ਰਹੀ ਹੈ। ਉਥੇ ਹੀ ਅੱਜ 111 ਕਿਸਾਨ ਮਰਨ ਵਰਤ ਉੱਤੇ ਬੈਠ ਗਏ ਹਨ। ਪੁਲਿਸ ਦੀ ਬੈਰੀਕੇਡਿੰਗ ਕੋਲ ਬੈਠੇ ਹਨ। ਇਸ ਮੌਕੇ ਪ੍ਰਸ਼ਾਸਨ ਵੱਲੋਂ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ। ਕਿਸਾਨਾਂ ਨੇ ਕਾਲੇ ਰੰਗ ਦੇ ਕੱਪੜੇ ਪਾ ਕੇ ਮਰਨ ਵਰਤ ਸ਼ੁਰੂ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਧਰਨੇ ਵਾਲੀ ਥਾਂ ਤੋਂ ਹਰਿਆਣਾ ਬਾਰਡਰ ਤੱਕ ਕਿਸਾਨ ਜਾਣਗੇ।

**ਡੱਲੇਵਾਲ ਦੀ ਸਿਹਤ ਨੂੰ ਲੈ ਕੇ ਅਪਡੇਟ**

ਸੁਪਰੀਮ ਕੋਰਟ 51 ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠੇ ਕਿਸਾਨ ਆਗੂ ਜਗਜੀਤ ਡੱਲੇਵਾਲ ਦੀ ਸਿਹਤ ਸਬੰਧੀ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਤੋਂ ਰਾਏ ਮੰਗੇਗਾ। ਬੁੱਧਵਾਰ ਨੂੰ ਹੋਈ ਸੁਣਵਾਈ ਵਿੱਚ, ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਤੋਂ ਡੱਲੇਵਾਲ ਦੀ ਹੁਣ ਤੱਕ ਦੀ ਡਾਕਟਰੀ ਜਾਂਚ ਦੀਆਂ ਸਾਰੀਆਂ ਰਿਪੋਰਟਾਂ ਮੰਗੀਆਂ ਹਨ। ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਕਿਹਾ ਸੀ ਕਿ ਡੱਲੇਵਾਲ ਦੀ ਹਾਲਤ ਵਿੱਚ ਸੁਧਾਰ ਹੋਇਆ ਹੈ ਪਰ ਜਦੋਂ ਸੁਪਰੀਮ ਕੋਰਟ ਨੇ ਇਸ ਬਾਰੇ ਪੁੱਛਿਆ ਤਾਂ ਕਿਹਾ ਕਿ ਉਸਦੀ



ਹਾਲਤ ਸਥਿਰ ਹੈ। ਜਸਟਿਸ ਸੂਰਿਆਕਾਂਤ ਅਤੇ ਜਸਟਿਸ ਐਨਕੇ ਸਿੰਘ ਦੇ ਬੈਂਚ ਸਾਹਮਣੇ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਡੱਲੇਵਾਲ ਬਾਰੇ ਪ੍ਰਗਤੀ ਹੋ ਰਹੀ ਹੈ। ਸਾਡੀ ਟੀਮ ਉਨ੍ਹਾਂ ਤੋਂ ਸਿਰਫ਼ 10 ਮੀਟਰ ਦੀ ਦੂਰੀ 'ਤੇ ਹੈ।

ਇਸ 'ਤੇ ਜਸਟਿਸ ਸੂਰਿਆਕਾਂਤ ਨੇ ਪੁੱਛਿਆ ਕਿ ਤੁਸੀਂ ਕਹਿ ਰਹੇ ਹੋ ਕਿ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਹੋ ਰਿਹਾ ਹੈ। ਡਾਕਟਰ ਉੱਥੇ ਹੈ। ਇਸ 'ਤੇ ਕਪਿਲ ਸਿੱਬਲ ਨੇ ਜਵਾਬ ਦਿੱਤਾ ਕਿ ਡੱਲੇਵਾਲ ਨੇ ਸਾਨੂੰ ਖੂਨ ਦੀ ਜਾਂਚ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

ਇਸ 'ਤੇ ਜਸਟਿਸ ਸੂਰਿਆਕਾਂਤ ਨੇ ਕਿਹਾ ਕਿ ਕੁਝ ਲੋਕ ਉਨ੍ਹਾਂ (ਡਲੇਵਾਲ) 'ਤੇ ਦਬਾਅ ਪਾ ਰਹੇ ਹਨ ਕਿ ਉਹ ਇਸ ਗੱਲ ਦਾ ਵਿਰੋਧ ਨਾ ਕਰਨ ਕਿ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਹੋ ਰਿਹਾ ਹੈ। ਸਿੱਬਲ ਨੇ ਫਿਰ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਨਹੀਂ ਹੋ ਰਿਹਾ ਸੀ ਪਰ ਪੰਜਾਬ ਦੇ ਮੁੱਖ ਸਕੱਤਰ ਦੇ ਹਲਫ਼ਨਾਮੇ ਅਨੁਸਾਰ ਉਨ੍ਹਾਂ ਦੀ ਹਾਲਤ ਸਥਿਰ ਹੈ।

ਇਸ 'ਤੇ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਤੋਂ ਡੱਲੇਵਾਲ ਦੀ ਸਿਹਤ ਤੋਂ ਪਹਿਲਾਂ ਅਤੇ ਬਾਅਦ ਦੀ ਤੁਲਨਾਤਮਕ ਰਿਪੋਰਟ ਮੰਗੀ ਹੈ। ਮਾਮਲੇ ਦੀ ਅਗਲੀ ਸੁਣਵਾਈ 22 ਜਨਵਰੀ ਨੂੰ ਹੋਵੇਗੀ।ਜਦੋਂ ਕਿ ਡੱਲੇਵਾਲ ਨੂੰ ਪੀਣ ਵਾਲੇ ਪਾਣੀ ਦੀ ਮੁਸ਼ਕਲ ਆ ਰਹੀ ਹੈ। ਉਹ ਜੋ ਵੀ ਪਾਣੀ ਪੀਂਦਾ ਹੈ, ਉਹ ਤੁਰੰਤ ਉਲਟੀਆਂ ਰਾਹੀਂ ਬਾਹਰ ਆ ਜਾਂਦਾ ਹੈ। ਮੰਗਲਵਾਰ ਨੂੰ ਪਟਿਆਲਾ ਤੋਂ ਸਰਕਾਰੀ ਡਾਕਟਰਾਂ ਦੀ ਇੱਕ ਟੀਮ ਨੇ ਡੱਲੇਵਾਲ ਦੀ ਜਾਂਚ ਕੀਤੀ।

# ਬਾਈਕ ਸਵਾਰਾਂ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਨਜ਼ਦੀਕੀ ਦੇ ਘਰ 'ਤੇ ਗ੍ਰਨੇਡ ਸੁੱਟਿਆ



ਜੈਂਤੀਪੁਰ। ਦੋ ਮੋਟਰਸਾਈਕਲ ਸਵਾਰਾਂ ਨੇ ਅੱਜ ਰਾਤੀਂ ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਸਵਰਗੀ ਰਾਜਿੰਦਰ ਕੁਮਾਰ, ਜਿਸ ਨੂੰ ਪੱਪੂ ਜੈਂਤੀਪੁਰੀਆ ਵੀ ਕਿਹਾ ਜਾਂਦਾ ਹੈ, ਦੇ ਘਰ 'ਤੇ ਗ੍ਰਨੇਡ ਸੁੱਟਿਆ ਹੈ। ਜੈਂਤੀਪੁਰੀਆ ਅਕਾਲੀ ਆਗੂ ਬਿਕਰਮ ਮਜੀਠੀਆ ਦਾ ਕਰੀਬੀ ਸੀ।

ਮਜੀਠੀਆ ਨੇ ਸੋਸ਼ਲ ਮੀਡੀਆ 'ਤੇ ਇਸ ਘਟਨਾ ਦੇ ਵੇਰਵੇ ਸਾਂਝੇ ਕੀਤੇ ਹਨ। ਮਜੀਠੀਆ ਨੇ ਐਕਸ 'ਤੇ ਇਕ ਪੋਸਟ ਵਿਚ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਹਾਲਤ ਉੱਤੇ ਸਵਾਲ ਉਠਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ, ਡੀਜੀਪੀ ਗੌਰਵ ਯਾਦਵ ਅਤੇ ਅੰਮ੍ਰਿਤਸਰ ਦਿਹਾਤੀ ਪੁਲੀਸ ਨੂੰ ਇਹ ਪੋਸਟ ਟੈਗ ਕੀਤੀ ਹੈ। ਅਕਾਲੀ ਆਗੂ ਨੇ ਦਾਅਵਾ ਕੀਤਾ ਕਿ ਜੈਂਤੀਪੁਰੀਆ ਦੇ ਪੁੱਤਰ ਅਮਨਦੀਪ ਕੁਮਾਰ ਅਤੇ ਪਰਿਵਾਰ ਨੂੰ ਵਿਦੇਸ਼ੀ ਗੈਂਗਸਟਰਾਂ ਤੋਂ ਧਮਕੀਆਂ ਮਿਲ ਰਹੀਆਂ ਸਨ। ਇਹ ਘਟਨਾ ਸ਼ਾਮ 7।50 ਵਜੇ ਦੇ ਕਰੀਬ ਵਾਪਰੀ। ਸੀਨੀਅਰ ਪੁਲੀਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਗ੍ਰਨੇਡ ਸੁੱਟਣ ਵਾਲੇ ਮਸ਼ਕੂਕਾਂ ਦੀ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ।

# ਭਾਰਤੀ ਤੱਟ ਰੱਖਿਅਕਾਂ ਨੇ ਲਕਸ਼ਦੀਪ ਵਿੱਚ ਲਾਪਤਾ ਕਿਸ਼ਤੀ ਵਿੱਚੋਂ 54 ਯਾਤਰੀਆਂ ਨੂੰ ਬਚਾਇਆ



ਨਵੀਂ ਦਿੱਲੀ: ਭਾਰਤੀ ਤੱਟ ਰੱਖਿਅਕ (ICG) ਦੇ ਜਹਾਜ਼ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਲਕਸ਼ਦੀਪ ਵਿੱਚ ਇੱਕ ਲਾਪਤਾ ਕਿਸ਼ਤੀ ਵਿੱਚੋਂ 22 ਔਰਤਾਂ ਅਤੇ 23 ਬੱਚਿਆਂ ਸਮੇਤ 54 ਯਾਤਰੀਆਂ ਨੂੰ ਬਚਾਇਆ। ਕਿਸ਼ਤੀ ਕਵਾਰੱਤੀ ਤੋਂ ਸੁਹੇਲੀਪਰ ਟਾਪੂ ਵੱਲ ਜਾ ਰਹੀ ਸੀ। ਲਕਸ਼ਦੀਪ ਤੋਂ ਇੱਕ ਕਿਸ਼ਤੀ ਦੇ ਲਾਪਤਾ ਹੋਣ ਬਾਰੇ ਇੱਕ ਸੰਕਟ ਕਾਲ ਮਿਲਣ ਤੋਂ ਬਾਅਦ, ਜਿਸ ਵਿੱਚ 54 ਲੋਕ ਸਵਾਰ ਸਨ, ਆਈਸੀਜੀ ਨੇ ਤੇਜ਼ੀ ਨਾਲ ਕਾਰਵਾਈ ਸ਼ੁਰੂ ਕੀਤੀ। ਆਈਸੀਜੀ ਨੇ ਬੁੱਧਵਾਰ ਨੂੰ ਐਕਸ 'ਤੇ ਪੋਸਟ ਕੀਤਾ ਕਿ #UTLAadiminstraiton, ਲਕਸ਼ਦੀਪ ਤੋਂ ਇੱਕ ਸੰਕਟ ਕਾਲ ਦਾ ਜਵਾਬ ਦਿੰਦੇ ਹੋਏ, ਕਾਵਰਤੀ ਤੋਂ ਸੁਹੇਲੀਪਰ ਟਾਪੂ ਜਾ ਰਹੀ ਲਾਪਤਾ ਕਿਸ਼ਤੀ ਮੁਹੰਮਦ ਕਾਸਿਮ-II ਬਾਰੇ ਸੂਚਿਤ ਕੀਤਾ ਗਿਆ ਹੈ, ਜਿਸ ਵਿੱਚ 54 ਲੋਕ (03 ਚਾਲਕ ਦਲ) ਸਵਾਰ ਸਨ। ਚਾਲਕ ਦਲ (09 (ਜਹਾਜ਼ ਵਿੱਚ 22 ਆਦਮੀ, 23 ਔਰਤਾਂ ਅਤੇ 22 ਬੱਚੇ ਸਵਾਰ ਸਨ।) ਭਾਰਤੀ ਤੱਟ ਰੱਖਿਅਕਾਂ ਨੇ ਤੇਜ਼ੀ ਨਾਲ ਉ ਕਾਰਵਾਈ ਸ਼ੁਰੂ ਕੀਤੀ। ਕੋਸਟਲ ਨਿਗਰਾਨੀ ਪ੍ਰਣਾਲੀ ਰਾਹੀਂ ਿਭ ਦਾ ਪਤਾ ਲਗਾਇਆ ਗਿਆ ਅਤੇ ਸ਼ਾਮ 4:00 ਵਜੇ ICG ਜਹਾਜ਼ ਨੇ 54 ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਕਵਾਰਤੀ ਵਾਪਸ ਭੇਜ ਦਿੱਤਾ।

# ਪੰਜਾਬ ਪੁਲਿਸ ਨੇ ਸਰਹੱਦ ਪਾਰੋਂ ਨਸ਼ਿਆ ਦੀ ਤਸਕਰੀ ਦੇ ਨੈਟਵਰਕ ਦਾ ਕੀਤਾ ਪਰਦਾਫਾਸ਼; 5 ਕਿਲੋ ਹੈਰੋਇਨ ਸਮੇਤ ਮੁੱਖ ਸਰਗਨਾ ਕਾਬੂ

**ਚੰਡੀਗੜ੍ਹ/ਤਰਨਤਾਰਨ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਜਾਰੀ ਜੰਗ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਤਰਨਤਾਰਨ ਪੁਲਿਸ ਨੇ ਪਾਕਿਸਤਾਨ ਤੋਂ ਹਮਾਇਤ ਪ੍ਰਾਪਤ ਨਸ਼ਾ ਤਸਕਰੀ ਕਾਰਟਲ ਦਾ ਪਰਦਾਫਾਸ਼ ਕਰਦਿਆਂ 5 ਕਿਲੋ ਹੈਰੋਇਨ ਸਮੇਤ ਗਿਰੋਹ ਦੇ ਮੁੱਖ ਸਰਗਨੇ ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਉਹਨਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਰਸ਼ਪਾਲ ਸਿੰਘ ਵਜੋਂ ਹੋਈ ਹੈ, ਜੋ ਕਿ ਤਰਨ-ਤਾਰਨ ਦੇ ਪਿੰਡ ਭਾਈ ਲੱਧੂ ਦਾ ਰਹਿਣ ਵਾਲਾ ਹੈ। ਹੈਰੋਇਨ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਸਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਉਕਤ ਮੁਲਜ਼ਮ ਪਾਕਿ-ਸਤਾਨ-ਅਧਾਰਤ ਤਸਕਰਾਂ ਦੇ ਸਿੱਧੇ ਸੰਪਰਕ ਵਿੱਚ ਸੀ ਅਤੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕਰ ਰਿਹਾ ਸੀ। ਉਨ੍ਹਾਂ ਅੱਗੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ-ਅਧਾਰਤ ਤਸਕਰ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਡਰੋਨ ਦੀ ਵਰਤੋਂ ਕਰ ਰਹੇ ਸਨ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ



ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਗਾਮੀ ਦਿਨਾਂ ਵਿੱਚ ਹੋਰ ਗ੍ਰਿਫਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦੇ ਹੋਏ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਤਰਨਤਾਰਨ ਅਭਿਮਨਿਊ ਰਾਣਾ ਨੇ ਕਿਹਾ ਕਿ ਭਰੋਸੇਯੋਗ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਐਸਪੀ (ਡੀ) ਅਜੈਰਾਜ ਸਿੰਘ, ਡੀਐਸਪੀ (ਡੀ) ਰਾਜਿੰਦਰ ਮਿਨਹਾਸ ਅਤੇ ਡੀਐਸਪੀ ਸਰਬਜੀਤ ਸਿੰਘ ਬਾਜਵਾ ਦੀ ਨਿਗਰਾਨੀ ਹੇਠ ਸੀਆਈਏ ਸਟਾਫ ਦੇ ਇੰਚਾਰਜ ਇੰਸਪੈਕਟਰ ਅਮਨਦੀਪ ਸਿੰਘ ਦੀ ਅਗਵਾਈ ਵਿੱਚ ਪੁਲਿਸ ਟੀਮ ਨੇ ਆਪ੍ਰੇਸ਼ਨ ਚਲਾਇਆ ਅਤੇ ਪਿੰਡ ਭਾਈ ਲੱਧੂ ਦੇ ਖੇਤਰ ਵਿੱਚੋਂ 5 ਕਿਲੋ ਹੈਰੋਇਨ ਸਮੇਤ ਰਸ਼ਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਐਸਐਸਪੀ ਨੇ ਕਿਹਾ ਕਿ ਸਪਲਾਇਰਾਂ, ਡੀਲਰਾਂ ਅਤੇ ਖਰੀਦਦਾਰਾਂ ਦੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਦੇ ਨਾਲ-ਨਾਲ ਗ੍ਰਿਫ਼ਤਾਰ ਵਿਅਕਤੀ ਦੁਆਰਾ ਹੁਣ ਤੱਕ ਖਰੀਦੇ ਗਏ ਨਸ਼ਿਆਂ ਦੀ ਕੁੱਲ ਮਾਤਰਾ ਦਾ ਪਤਾ ਲਗਾਉਣ ਲਈ ਯਤਨ ਜਾਰੀ ਹਨ। ਇਸ ਸਬੰਧੀ ਥਾਣਾ ਸਦਰ ਪੱਟੀ, ਤਰਨਤਾਰਨ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21(ਸੀ) ਤਹਿਤ ਐਫਆਈਆਰ ਨੰਬਰ 06 ਮਿਤੀ 15 ਜਨਵਰੀ, 2025 ਨੂੰ ਦਰਜ ਕੀਤੀ ਗਈ ਹੈ।

## ਅਬੋਹਰ 'ਚ ਸੱਸ ਤੇ ਜਵਾਈ ਸਮੇਤ 3 ਨਸ਼ਾ ਤਸਕਰ ਕਾਬੂ

**ਅਬੋਹਰ।** ਅਬੋਹਰ 'ਚ ਪੁਲਿਸ ਨੇ 3 ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਹੈ। ਸੀ।ਆਈ।ਏ ਸਟਾਫ਼ ਨੇ ਸੀਤੋ ਗੁੰਨੋ ਮੇਨ ਚੌਕ ਵਿਖੇ ਨਾਕਾਬੰਦੀ ਦੌਰਾਨ ਸੱਸ ਅਤੇ ਜਵਾਈ ਸਮੇਤ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਮੁਲਜ਼ਮਾਂ ਕੋਲੋਂ 52 ਗ੍ਰਾਮ ਹੈਰੋਇਨ ਅਤੇ 25 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਏਐਸਆਈ ਮਨਜੀਤ ਸਿੰਘ ਦੀ ਅਗਵਾਈ ਹੇਠ ਪੁਲਿਸ ਟੀਮ ਨੇ ਰਾਤ ਕਰੀਬ 10 ਵਜੇ ਇੱਕ ਸ਼ੱਕੀ ਬਜਾਜ ਸੀਟੀ ਬਾਈਕ ਨੂੰ ਰੋਕਿਆ। ਬਾਈਕ ਸਵਾਰ ਔਰਤ ਦੇ ਪਰਸ ਦੀ ਤਲਾਸ਼ੀ ਦੌਰਾਨ ਹੈਰੋਇਨ ਅਤੇ 500 ਰੁਪਏ ਦੇ 50 ਨੋਟ ਬਰਾਮਦ ਹੋਏ। ਫੜੇ ਗਏ



ਮੁਲਜ਼ਮਾਂ ਵਿੱਚ ਅੰਕਿਤ ਕੁਮਾਰ ਵਾਸੀ ਬਿਸ਼ਰਾਪੁਰਾ, ਉਸ ਦੀ ਸੱਸ ਸੁਖਵਿੰਦਰ ਕੌਰ ਉਰਫ਼ ਗੁਰਪ੍ਰੀਤ ਕੌਰ ਅਤੇ ਗੁਰਵੰਤ ਸਿੰਘ ਵਾਸੀ ਪਿੰਡ ਮੀਰਪੁਰ ਜ਼ਿਲ੍ਹਾ ਤਰਨਤਾਰਨ ਸ਼ਾਮਲ ਹਨ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਅੰਕਿਤ ਅਤੇ ਉਸ ਦੀ ਸੱਸ ਸੁਖਵਿੰਦਰ ਕੌਰ ਮਿਲ ਕੇ ਨਸ਼ਾ ਤਸਕਰੀ ਦਾ ਧੰਦਾ ਕਰਦੇ ਸਨ। ਅੰਕਿਤ ਖਿਲਾਫ਼ ਪਹਿਲਾਂ ਹੀ ਐਨਡੀਪੀਐਸ ਐਕਟ ਦੇ ਕਈ ਮਾਮਲੇ ਦਰਜ ਹਨ। ਪੁਲਿਸ ਨੇ ਤਿੰਨਾਂ ਮੁਲਜ਼ਮਾਂ ਖਿਲਾਫ਼ ਐਨਡੀਪੀਐਸ ਐਕਟ ਦੀ ਧਾਰਾ 21, 27ਬੀ, 29, 61, 85 ਤਹਿਤ ਕੇਸ ਦਰਜ ਕਰ ਲਿਆ ਹੈ। ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲੀਸ ਰਿਮਾਂਡ ਦੀ ਮੰਗ ਕੀਤੀ ਜਾਵੇਗੀ।

## ਕੈਨੇਡਾ 'ਚ ਗੋਲੀਬਾਰੀ ਮਾਮਲੇ 'ਚ 7 ਪੰਜਾਬੀ ਗ੍ਰਿਫਤਾਰ

**ਬਰੈਂਪਟਨ।** ਕੈਨੇਡਾ 'ਚ ਬਰੈਂਪਟਨ ਦੇ ਇੱਕ ਹੀ ਘਰ 'ਤੇ ਦੋ ਵਾਰ ਗੋਲੀਆਂ ਚੱਲਣ ਦੇ ਮਾਮਲੇ ਸਾਹਮਣੇ ਆਏ ਸੀ। ਨਵੰਬਰ ਦੇ ਅਖੀਰ ਤੇ ਜਨਵਰੀ ਦੇ ਸ਼ੁਰੂ 'ਚ ਇਸ ਘਰ 'ਤੇ ਗੋਲੀ ਚੱਲੀ ਸੀ। ਪੀਲ ਰੀਜਨਲ ਪੁਲਿਸ ਨੇ ਇਸ ਮਾਮਲੇ 'ਚ ਹੁਣ 7 ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜੋ ਸਾਰੇ ਦੇ ਸਾਰੇ ਪੰਜਾਬੀ ਮੂਲ ਦੇ ਹਨ। ਕੈਨੇਡਾ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਇਨ੍ਹਾਂ ਸ਼ੱਕੀਆਂ ਦੀ ਪਛਾਣ 23 ਸਾਲਾ ਮਨਪ੍ਰੀਤ ਸਿੰਘ, 27 ਸਾਲਾ ਦਿਲਪ੍ਰੀਤ ਸਿੰਘ, 23 ਸਾਲਾ ਹਰਸ਼ਦੀਪ ਸਿੰਘ, 25 ਸਾਲਾ ਧਰਮਪ੍ਰੀਤ ਸਿੰਘ, 27 ਸਾਲਾ ਮਨਪ੍ਰਤਾਪ ਸਿੰਘ, 30 ਸਾਲਾ ਆਤਮਜੀਤ ਸਿੰਘ ਤੇ 21 ਸਾਲ ਦੇ ਅਰਵਿੰਦਰਪਾਲ ਸਿੰਘ ਵਜੋਂ ਹੋਈ ਹੈ। ਪੀਲ ਪੁਲਿਸ ਮੁਤਾਬਕ ਪਹਿਲੀ ਘਟਨਾ 30 ਨਵੰਬਰ ਨੂੰ ਵਾਪਰੀ, ਜਦੋਂ ਬਰੈਂਪਟ ਦੇ ਇੱਕ ਘਰ 'ਤੇ ਗੋਲੀ ਚਲਾ ਕੇ ਦੋ ਵਿਅਕਤੀ ਫ਼ਰਾਰ ਹੋ ਗਏ। ਇਸ ਮਾਮਲੇ ਵਿੱਚ ਪੁਲਿਸ ਨੇ ਫੌਰੀ ਕਾਰਵਾਈ ਕਰਦਿਆਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ







ਕੀਤਾ। ਸ਼ੱਕੀਆਂ ਕੋਲੋਂ ਇੱਕ ਪਿਸਤੌਲ ਤੇ ਜ਼ਿੰਦਾ ਕਾਰਤੂਸ ਬਰਾਮਦ ਹੋਏ। ਜਿਨ੍ਹਾਂ ਦੀ ਪਛਾਣ 27 ਸਾਲਾ ਮਨਪ੍ਰੀਤ ਸਿੰਘ, 23 ਸਾਲਾ ਦਿਲਪ੍ਰੀਤ ਸਿੰਘ ਅਤੇ 23 ਸਾਲਾ ਹਰਸ਼ਦੀਪ ਸਿੰਘ ਵਜੋਂ ਹੋਈ। ਇਸ ਤੋਂ ਬਾਅਦ ਇਸੇ ਘਰ ਉੱਤੇ 2 ਜਨਵਰੀ ਨੂੰ ਸਵੇਰੇ 9 ਵਜੇ ਫਿਰ ਗੋਲੀ ਚਲਾਈ ਗਈ। ਦੂਜੀ ਵਾਰ ਗੋਲੀਬਾਰੀ ਕਰਨ ਦੇ ਮਾਮਲੇ ਵਿੱਚ ਪੁਲਿਸ ਨੇ 4 ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਹਾਲਾਂਕਿ ਫਾਈਰਿੰਗ ਦੀਆਂ ਇਨ੍ਹਾਂ ਦੋਵੇਂ ਘਟਨਾਵਾਂ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ।


Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


## ਮਾਮੂਲੀ ਤਕਰਾਰ ਤੋਂ ਬਾਅਦ NRI ਨੇ ਮਹਿਲਾ ਦਾ ਕਿਰਚ ਮਾਰ ਕੇ ਕੀਤਾ ਕਤਲ

**ਗੁਰਦਾਸਪੁਰ।** ਗੁਰਦਾਸਪੁਰ 'ਚ ਦਿਲ ਦਹਿਲਾ ਦੇਣ ਵਾਲੀ ਘਟਨਾ ਵਾਪਰੀ ਹੈ। ਇਥੇ ਨਜ਼ਦੀਕੀ ਨਵਾਂ ਪਿੰਡ ਬਹਾਦੁਰ ਵਿਖੇ ਮਾਮੂਲੀ ਜਿਹੀ ਤਕਰਾਰ ਨੂੰ ਲੈ ਕੇ ਪ੍ਰਵਾਸੀ ਭਾਰਤੀ ਇਕ ਵਿਅਕਤੀ ਵਲੋਂ ਆਪਣੇ ਸ਼ਰੀਕੇ 'ਚੋਂ ਇਕ ਔਰਤ ਦੇ ਢਿੱਡ 'ਚ ਕਿਰਚਾਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮ੍ਰਿਤਕ ਦੀ ਪਹਿਚਾਣ ਸੁਰਿੰਦਰ ਕੌਰ ਵਜੋਂ ਹੋਈ ਹੈ। ਮ੍ਰਿਤਕ ਦੇ ਲੜਕੇ ਹਰਮਨਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਬੀਤੀ ਰਾਤ ਆਪਣੇ ਗੁਆਂਢੀਆਂ ਦੇ ਘਰੋਂ ਲੋਹੜੀ ਮਨਾ ਕੇ ਵਾਪਸ ਆ ਰਹੇ ਸਨ ਕਿ ਰਸਤੇ ਵਿਚ ਪਹਿਲਾਂ ਤੋਂ ਖੜ੍ਹੇ ਦੋਸ਼ੀ ਨਰਿੰਜਨ ਸਿੰਘ ਪੁੱਤਰ ਚਰਨ ਸਿੰਘ ਸਾਨੂੰ ਗਾਲੀ ਗਲੋਚ ਕਰਨ ਲੱਗ ਪਿਆ। ਇਸ ਤੋਂ ਬਾਅਦ ਉਸ ਨੇ ਮੇਰੀ ਮਾਂ ਦੇ ਕਿਰਚਾਂ ਮਾਰ ਦਿੱਤੀਆਂ। ਉਨ੍ਹਾਂ ਨੇ ਜ਼ਖ਼ਮੀ ਹਾਲਤ ਆਪਣੀ



ਮਾਤਾ ਨੂੰ ਗੁਰਦਾਸਪੁਰ ਨਿੱਜੀ ਹਸਪਤਾਲ ਲਿਆਂਦਾ, ਜਿੱਥੇ ਸਵੇਰੇ ਤੜਕੇ ਉਨ੍ਹਾਂ ਦੀ ਮੌਤ ਹੋ ਗਈ। ਦੋਸ਼ੀ ਰਾਤ ਸਮੇਂ ਤੋਂ ਫ਼ਰਾਰ ਹੋ ਗਿਆ ਹੈ, ਜਦੋਂ ਕਿ ਸ਼ਾਲਾ ਪੁਲਿਸ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ। ਮੁਲਜ਼ਮ ਐਨਆਰਆਈ ਗਰੀਸ ਤੋਂ ਅੱਠ ਸਾਲ ਬਾਅਦ ਪਿੰਡ ਆਇਆ ਸੀ।


ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

**ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।**

## ਲਾਸ ਐਂਜਲਸ ਵਿੱਚ ਅੱਗ ਦਾ ਕਹਿਰ, ਹੁਣ ਤਕ 25 ਲੋਕਾਂ ਦੀ ਮੌਤ ਤੇ 30 ਲਾਪਤਾ



**ਲਾਸ ਐਂਜਲਸ।** ਅਮਰੀਕਾ ਦੇ ਲਾਸ ਐਂਜਲਸ ਵਿੱਚ ਅੱਗ ਲੱਗਣ ਕਾਰਨ 25 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ ਲਗਭਗ 30 ਲੋਕ ਲਾਪਤਾ ਹਨ। ਮਿਲੀ ਜਾਣਕਾਰੀ ਅਨੁਸਾਰ 90 ਹਜ਼ਾਰ ਲੋਕਾਂ ਨੂੰ ਐਮਰਜੈਂਸੀ ਐਗਜ਼ਿਟ ਅਲਰਟ (ਸ਼ਹਿਰ ਛੱਡਣ ਲਈ ਚੇਤਾਵਨੀ) ਦਿੱਤਾ ਗਿਆ ਹੈ। ਪੁਲਿਸ ਨੇ ਹੁਣ ਤਕ ਪ੍ਰਭਾਵਿਤ ਇਲਾਕਿਆਂ ਤੋਂ 50 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਲੋਕਾਂ 'ਤੇ ਲੁੱਟ-ਖੋਹ, ਅੱਗ ਪ੍ਰਭਾਵਿਤ ਇਲਾਕਿਆਂ ਵਿੱਚ ਡਰੋਨ ਉਡਾਉਣ ਅਤੇ ਕਰਫਿਊ ਦੀ ਉਲੰਘਣਾ ਸਮੇਤ ਕਈ ਦੋਸ਼ ਹਨ। ਮੰਗਲਵਾਰ ਨੂੰ ਹਵਾ ਦੀ ਗਤੀ ਅਨੁਮਾਨ ਨਾਲੋਂ ਘੱਟ ਸੀ, ਜਿਸ ਨਾਲ ਬਚਾਅ ਟੀਮਾਂ ਨੂੰ ਅੱਗ 'ਤੇ ਕਾਬੂ ਪਾਉਣ ਵਿੱਚ ਬਹੁਤ ਮਦਦ ਮਿਲੀ। ਇਸ ਵੇਲੇ, ਪੈਲੀਸੇਡਸ ਅਤੇ ਈਟਨ ਨੂੰ ਛੱਡ ਕੇ ਸਾਰੇ ਖੇਤਰਾਂ ਵਿੱਚ ਅੱਗ 'ਤੇ ਲਗਭਗ ਕਾਬੂ ਪਾ ਲਿਆ ਗਿਆ ਹੈ। ਹੁਣ ਤਕ ਅੱਗ ਨਾਲ 12,000 ਤੋਂ ਵੱਧ ਇਮਾਰਤਾਂ ਤਬਾਹ ਹੋ ਚੁੱਕੀਆਂ ਹਨ, ਜਦੋਂ ਕਿ 155 ਵਰਗ ਕਿਲੋਮੀਟਰ ਦਾ ਖੇਤਰ ਸੜ ਕੇ ਸੁਆਹ ਹੋ ਗਿਆ ਹੈ। ਰਾਸ਼ਟਰੀ ਮੌਸਮ ਸੇਵਾ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਕਿਹਾ - ਅਸੀਂ ਅਜੇ ਵੀ ਪੂਰੀ ਤਰ੍ਹਾਂ ਖ਼ਤਰੇ ਤੋਂ ਬਾਹਰ ਨਹੀਂ ਹਾਂ। ਹਾਲਾਂਕਿ, ਮੰਗਲਵਾਰ ਨੂੰ ਹਵਾ ਦੀ ਗਤੀ ਉਨੀ ਨਹੀਂ ਸੀ ਜਿੰਨੀ ਡਰ ਸੀ। ਬੁੱਧਵਾਰ ਨੂੰ ਸਥਿਤੀ ਵਿੱਚ ਹੋਰ ਸੁਧਾਰ ਹੋ ਸਕਦਾ ਹੈ।

## ਭਾਜਪਾ ਨੇਤਾ ਬਲਾਤਕਾਰ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ, ਪਾਰਟੀ ਵਿੱਚੋਂ ਕੱਢਿਆ ਬਾਹਰ



**ਨਵੀਂ ਦਿਲੀ।** ਮੱਧ ਪ੍ਰਦੇਸ਼ ਦੇ ਸਿੱਧੀ ਜ਼ਿਲ੍ਹੇ ਦੇ ਇੱਕ ਭਾਰਤੀ ਜਨਤਾ ਪਾਰਟੀ (ਭਾਜਪਾ) ਨੇਤਾ ਨੂੰ ਮੰਗਲਵਾਰ ਨੂੰ ਇੱਕ ਮਹਿਲਾ ਨੇਤਾ ਨਾਲ ਬਲਾਤਕਾਰ ਅਤੇ ਪੈਸੇ ਵਸੂਲਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਭਾਜਪਾ ਨੇ ਉਸ ਨੂੰ ਤੁਰਤ ਪਾਰਟੀ ਵਿੱਚੋਂ ਕੱਢ ਦਿੱਤਾ। ਐਫਆਈਆਰ ਵਿੱਚ ਕਿਹਾ ਗਿਆ ਹੈ ਕਿ ਪੀੜਤਾ ਵੀ ਇੱਕ ਭਾਜਪਾ ਨੇਤਾ ਹੈ ਅਤੇ ਪਾਰਟੀ ਟਿਕਟ ਦਾ ਵਾਅਦਾ ਕਰਕੇ ਕਥਿਤ ਤੌਰ 'ਤੇ ਉਸ ਨਾਲ ਬਲਾਤਕਾਰ ਕੀਤਾ ਗਿਆ ਸੀ। ਮੁਲਜ਼ਮਾਂ ਨੇ ਕਥਿਤ ਤੌਰ 'ਤੇ ਘਟਨਾ ਦੀ ਵੀਡੀ ਬਣਾਈ ਅਤੇ ਇਸ ਦੀ ਵਰਤੋਂ ਪੈਸੇ ਵਸੂਲਣ ਲਈ ਕੀਤੀ। ਪੁਲਿਸ ਨੇ ਦੱਸਿਆ ਕਿ ਐਫਆਈਆਰ ਦੇ ਅਨੁਸਾਰ ਦੋਸ਼ੀ ਅਜੀਤਪਾਲ ਸਿੰਘ ਚੌਹਾਨ ਨੇ ਔਰਤ ਦੇ ਪਤੀ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਚੌਹਾਨ ਵਿਰੁੱਧ 13 ਜਨਵਰੀ ਨੂੰ ਭਾਰਤੀ ਦੰਡਾਵਲੀ (ਆਈਪੀਸੀ) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਭਾਜਪਾ ਦੀ ਸਿੱਧੀ ਜ਼ਿਲ੍ਹਾ ਇਕਾਈ ਦੇ ਪ੍ਰਧਾਨ ਦੇਵ ਕੁਮਾਰ ਸਿੰਘ ਨੇ ਅਜੀਤਪਾਲ ਸਿੰਘ ਚੌਹਾਨ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਕੱਢ ਦਿੱਤਾ ਹੈ।

### ਪੰਜਾਬ- ਚੰਡੀਗੜ੍ਹ ਵਿੱਚ ਮੀਂਹ ਦੀ ਚੇਤਾਵਨੀ, ਡਿੱਗੇਗਾ ਤਾਪਮਾਨ

**ਚੰਡੀਗੜ੍ਹ।** ਪੰਜਾਬ ਅਤੇ ਚੰਡੀਗੜ੍ਹ ਦੇ ਲੋਕਾਂ ਨੂੰ ਅੱਜ (ਬੁੱਧਵਾਰ) ਤੋਂ ਕੁਝ ਥਾਵਾਂ 'ਤੇ ਸੰਘਣੀ ਧੁੰਦ ਅਤੇ ਮੀਂਹ ਦਾ ਸਾਹਮਣਾ ਕਰਨਾ ਪਵੇਗਾ। ਪੱਛਮੀ ਗੜਬੜ ਸਰਗਰਮ ਹੋ ਗਈ ਹੈ। ਇਸ ਕਾਰਨ 16 ਜਨਵਰੀ ਤਕ ਮੀਂਹ ਪੈਣ ਦੀ ਸੰਭਾਵਨਾ ਹੈ। ਰਾਜ ਵਿੱਚ 18 ਜਨਵਰੀ ਤੱਕ ਸੰਘਣੀ ਧੁੰਦ ਲਈ ਯੈਲੋ ਅਲਰਟ ਹੈ। 19 ਤਰੀਕ ਤੋਂ ਬਾਅਦ ਕੋਈ ਚੇਤਾਵਨੀ ਨਹੀਂ ਹੈ। ਜੇਕਰ ਪਿਛਲੇ 24 ਘੰਟਿਆਂ ਦੀ ਗੱਲ ਕਰੀਏ ਤਾਂ ਸੂਬੇ ਦੇ ਔਸਤ ਵੱਧ ਤੋਂ ਵੱਧ ਤਾਪਮਾਨ ਵਿੱਚ 0.2 ਦੀ ਗਿਰਾਵਟ ਆਈ ਹੈ।

# ਪੰਜਾਬ ਦੇ ਡੀਸੀ ਦਫ਼ਤਰਾਂ 'ਚ ਅਗਲੇ ਪੰਜ ਦਿਨਾਂ ਤਕ ਨਹੀਂ ਹੋਵੇਗਾ ਕੋਈ ਕੰਮ



**ਚੰਡੀਗੜ੍ਹ।** ਪੰਜਾਬ ਵਿਚ ਅੱਜ ਤੋਂ ਅਗਲੇ ਪੰਜ ਦਿਨਾਂ ਤਕ ਡੀਸੀ ਦਫ਼ਤਰਾਂ ਵਿਚ ਕੰਮਕਾਜ ਠੱਪ ਰਹੇਗਾ। ਦਰਅਸਲ, ਡੀਸੀ ਦਫ਼ਤਰ ਵਿਚ ਕੰਮ ਕਰਦੇ ਮੁਲਾਜ਼ਮ ਤਿੰਨ ਦਿਨਾਂ ਤੋਂ ਹੜਤਾਲ 'ਤੇ ਹਨ ਅਤੇ ਸਨਿਚਰਵਾਰ-ਐਤਵਾਰ ਨੂੰ ਦਫ਼ਤਰ ਵਿਚ ਛੁੱਟੀ ਹੁੰਦੀ ਹੈ। ਹੜਤਾਲ ਕਾਰਨ ਤਹਿਸੀਲਾਂ ਵਿਚ ਰਜਿਸਟਰੀ ਦੇ ਕੰਮ ਦੇ ਨਾਲ-ਨਾਲ ਹੋਰ ਦਫ਼ਤਰੀ ਕੰਮ ਵੀ ਬੰਦ ਰਹਿਣਗੇ। ਮੁਲਾਜ਼ਮਾਂ ਨੇ ਕਿਹਾ ਹੈ ਕਿ ਜੇਕਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਮੰਨ ਲੈਂਦੀ ਹੈ ਤਾਂ ਸੋਮਵਾਰ ਤੋਂ ਮੁੜ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਡੀਸੀ ਦਫ਼ਤਰ ਦੇ ਮੁਲਾਜ਼ਮ ਆਪਣੀਆਂ ਮੰਗਾਂ ਨੂੰ ਲੈ ਕੇ ਅੱਜ ਸਾਰੇ ਜ਼ਿਲ੍ਹਿਆਂ ਵਿਚ ਰੋਸ ਪ੍ਰਦਰਸ਼ਨ ਕਰਨਗੇ। ਇਸ ਕਾਰਨ ਕੰਮ ਠੱਪ ਰਹੇਗਾ। ਇੰਪਲਾਈਜ਼ ਯੂਨੀਅਨ ਦੇ ਸੂਬਾ ਪ੍ਰਧਾਨ ਤੇਜਿੰਦਰ ਸਿੰਘ ਨੰਗਲ ਨੇ ਕਿਹਾ ਕਿ ਸਰਕਾਰ ਸਾਡੀਆਂ ਮੰਗਾਂ ਵਲ ਕੋਈ ਧਿਆਨ ਨਹੀਂ ਦੇ ਰਹੀ। ਇਸ ਕਾਰਨ ਹੜਤਾਲ 'ਤੇ ਜਾਣ ਦਾ ਫ਼ੈਸਲਾ ਲਿਆ ਗਿਆ ਹੈ। ਮੁਲਾਜ਼ਮ ਯੂਨੀਅਨ ਨੇ 15 ਤੋਂ 17 ਜਨਵਰੀ ਤਕ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਜੇਕਰ ਇਸ ਸੰਘਰਸ਼ ਤੋਂ ਬਾਅਦ ਵੀ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਸਬੰਧੀ ਅਗਲਾ ਐਲਾਨ 18 ਜਨਵਰੀ ਨੂੰ ਕੀਤਾ ਜਾਵੇਗਾ। ਇਸ ਹੜਤਾਲ ਕਾਰਨ ਆਮ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platfom is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

**PLUMBING : -** Repairs/Replacement of Bathrooms accessories (sink, taps, tubs, showers, Toilets etc.

**ELECTRICIAN :-** Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

**MASONRY WORK: -** Plastering, skimming, Brick Work, Slabs Lying, Drive Ways, Roof maintenance etc.

**CARPENTRY: -** Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK call number - 07488841161

# ਸ੍ਰੀ ਮੁਕਤਸਰ ਸਾਹਿਬ ਤੇ ਢਿੱਲਵਾਂ ਕਲਾਂ ਕੋਟਕਪੂਰਾ ਸੁਸਾਇਟੀ ਨੇ ਲਗਾਇਆ ਵਿਸਾਲ ਖ਼ੂਨਦਾਨ ਕੈਂਪ

**ਫ਼ਰੀਦਕੋਟ (ਸਮਾਜ ਵੀਕਲੀ)** ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ ( ਰਜਿ) ਫ਼ਰੀਦਕੋਟ ਨੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਅਤੇ ਮਾਘੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸਾਲ ਖ਼ੂਨਦਾਨ ਕੈਂਪ 13,14 ਤੇ 15 ਜਨਵਰੀ ਨੂੰ ਨੇੜੇ ਗੁਰੂਦਆਰਾ ਟੁੱਟੀ ਗੰਢੀ ਸਾਹਿਬ ਸ੍ਰੀ ਮੁਕਤਸਰ ਸਾਹਿਬ ਵਿਖੇ ਅਤੇ 14 ਜਨਵਰੀ ਨੂੰ ਗੁਰੂਦਆਰਾ ਪਾਤਸ਼ਾਹੀ ਦਸਵੀਂ ਪਿੰਡ ਢਿੱਲਵਾਂ ਕਲਾਂ ਨੇੜੇ ਕੋਟਕਪੂਰਾ ਫ਼ਰੀਦਕੋਟ ਲਗਾਇਆਂ। ਜਿਸ ਵਿੱਚ ਮੁੱਢਲਾ ਯੋਗਦਾਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਪਾਇਆ। ਇਸ ਦੇ ਹੀ ਸੁਸਾਇਟੀ



ਵੱਲੋ ਮੱਕੀ ਦੀ ਰੋਟੀ ਤੇ ਸਰੌਂ ਦੇ ਸਾਗ ਨਾਲ ਦੁੱਧ ਦਾ ਲੰਗਰ ਵੀ ਲਗਾਇਆਂ ਗਿਆਂ। ਇਹ ਜਾਣਕਾਰੀ ਪ੍ਰੈਸ ਨਾਲ ਸੁਸਾਇਟੀ ਦੇ ਪ੍ਰੈਸ ਸਕੱਤਰ ਸ਼ਿਵਨਾਥ ਦਰਦੀ ਫ਼ਰੀਦਕੋਟ ਨੇ ਸਾਂਝੀ ਕੀਤੀ। ਓਨਾਂ ਗੱਲਬਾਤ ਕਰਦਿਆਂ ਕਿਹਾ ,ਸਾਡੀ ਸੁਸਾਇਟੀ ਪਵਿੱਤਰ ਦਿਹਾੜੇ ਤੇ ਕੈਂਪ ਲਗਾ ਆਪਣੇ-ਆਪ ਨੂੰ ਵਡਭਾਗਾ ਮਹਿਸੂਸ ਕਰਦੀ ਹੈ।

ਇਸ ਸਮੇਂ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ, ਮੀਤ



ਪ੍ਰਧਾਨ ਗੁਰਦੇਵ ਸਿੰਘ, ਸਕੱਤਰ ਸੁਖਵੀਰ ਸਿੰਘ ਰੱਤੀ ਰੋੜੀ, ਸਲਾਹਕਾਰ ਗੁਰਸੇਵਕ ਸਿੰਘ ਥਾੜਾ , ਸਤਨਾਮ ਸਿੰਘ ਖਜਾਨਚੀ ,ਸਹਾਇਕ ਪ੍ਰੈਸ ਸਕੱਤਰ ਵਿਸ਼ਾਲ, ਸਾਬਕਾ ਪ੍ਰਿੰਸਪੀਲ ਡਾਂ। ਪਰਮਿੰਦਰ ਸਿੰਘ ਸਰਕਾਰੀ ਬ੍ਰਜਿੰਦਰਾ ਕਾਲਜ, ਡਾਂ। ਬਲਜੀਤ ਸ਼ਰਮਾ ਗੋਲੇਵਾਲਾ ,ਅਸ਼ੋਕ ਭਟਨਾਗਰ,ਕਰਨ, ,ਅਮਨ ਨਵਾਂ ਕਿਲ੍ਹਾ, ਦਵਿੰਦਰ ਮੰਡ ਵਾਲਾ, ,ਸੁਖਮੰਦਰ ਸਿੰਘ ਗੋਲੇਵਾਲਾ, ਮਨੇਜਰ ਜੱਸੀ ਥਾੜਾ,,ਜਸਕਰਨ ਫਿੰਡੇ, ਸਾਗਰ,ਬਿੱਲਾ,ਪਾਲਾ ਰੋਮਾਣਾ, ਗੁਰਪਾਲ ਸਿੰਘ ਭੰਡਾਰੀ,ਮਨਜੀਤ ਸਿੰਘ ਕਾਹਨ ਸਿੰਘ ਵਾਲਾ, ਗੁਰਸ਼ਰਨ ਖਾਰਾ , ਸੀਨੀਅਰ ਸਲਾਹਕਾਰ ਕਾਕਾ ਖ਼ਾਰਾਂ , ਡਾਂ ਭਲਿੰਦਰ ਸਿੰਘ , ਸਟੋਕ ਮਨੇਜਰ ਸਵਰਾਜ ਸਿੰਘ, , ਅਰਸ਼ ਕੋਠੇ ਧਾਲੀਵਾਲ, ਕਾਲ਼ਾ ਡੋਡ, ਇੰਦਰਜੀਤ ਹਰੀਕੇ, ਉਮਕਾਰ ਹਰੀਕੇ, ਹਰਗੁਣ ਹਰਪ੍ਰੀਤ ਢਿੱਲਵਾਂ,ਸਹਿਲ ਢਿੱਲਵਾਂ, ਅਕਾਸ਼ਦੀਪ ਅਬਰੋਲ, ਸਤਨਾਮ, ਸਵਰਾਜ , ਸੁਖਮਨ,ਥਾੜਾ, ਬਾਬਾ ਹਰੀ ਕੇ,ਕਾਕਾ ਖਾਰਾ, ਉਮਕਾਰ ਹਰੀਕੇ, ਇੰਦਰਜੀਤ ਹਰੀਕੇ ਆਦਿ ਹਾਜ਼ਰ ਸਨ।

# ਖਾਲਸਾਈ ਜਾਹੋ-ਜਲਾਲ ਨਾ਼ਲ ਭਰਭੂਰ ਰਹੇ ਦਸ਼ਮੇਸ਼ ਕਲੱਬ ਰੋਪੜ ਵੱਲੋਂ ਕਰਵਾਏ ਮੁਕਾਬਲੇ

**ਰੋਪੜ, (ਗੁਰਬਿੰਦਰ ਸਿੰਘ ਰੋਮੀ):** ਦਸ਼ਮੇਸ਼ ਯੂਥ ਕਲੱਬ, ਗ੍ਰੀਨ ਐਵੇਨਿਊ, ਰੋਪੜ ਵੱਲੋਂ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਗਤਕਾ ਐਸੋਸ਼ੀਏਸ਼ਨ, ਰੋਪੜ ਦੇ ਸਹਿਯੋਗ ਨਾ਼ਲ 40 ਮੁਕਤਿਆਂ ਤੇ ਬੀਬੀ ਭਾਗ ਕੌਰ ਜੀ ਦੀ ਯਾਦ ਨੂੰ ਸਮਰਪਿਤ ਛੇਵਾਂ ਵਿਰਸਾ ਸੰਭਾ਼ਲ ਗਤਕਾ ਕੱਪ ਅਤੇ ਦਸਤਾਰਬੰਦੀ ਆਦਿ ਮੁਕਾਬਲੇ ਕੱਲ੍ਹ ਗੁਰਦੁਆਰਾ ਗੁਰੂਗੜ੍ਹ ਸਾਹਿਬ ਸਦਾਬਰਤ ਰੋਪੜ ਵਿਖੇ ਕਰਵਾਏ ਗਏ। ਕਲੱਬ ਪ੍ਰਧਾਨ ਗੁਰਪ੍ਰੀਤ ਸਿੰਘ ਭਾਉਵਾਲ ਨੇ ਦੱਸਿਆ ਕਿ ਇਸ ਦੌਰਾਨ ਰੰਗ ਭਰੋ, ਖੇਡ ਖੇਡ ਵਿੱਚ ਸਿੱਖੋ ਗੁਰਬਾਣੀ, ਚਿੱਤਰਕਾਰੀ, ਦੁਮਾਲਾ ਸਜਾਉਣ ਆਦਿ ਮੁਕਾਬਲੇ ਵੀ ਕਰਵਾਏ ਗਏ। ਜਿੱਥੇ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਹੈਂਡ ਗ੍ਰੰਥੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ ਤੇ ਗੁਰਮੁਖ ਸਿੰਘ ਕਨੇਡਾ, ਚੇਅਰਮੈਨ ਧਰਮ ਪ੍ਰਚਾਰ ਟਰੱਸਟ, ਘਨੌਲੀ ਨੇ ਬੱਚਿਆਂ ਨੂੰ ਇਨਾਮ ਵੰਡਣ ਦੀ ਰਸਮ ਅਦਾ ਕੀਤੀ। ਕਲੱਬ ਵੱਲੋਂ ਮਨਜੋਤ ਸਿੰਘ ਗੜ੍ਹਦੀਵਾਲਾ, ਸ਼ਮਸ਼ੇਰ ਸਿੰਘ ਪ੍ਰਭ ਆਸਰਾ ਅਤੇ ਸਭ ਤੋਂ ਛੋਟੀ ਉਮਰ ਵਿੱਚ ਮਾਉਂਟ ਐਵਰੈਸਟ ਚੋਟੀ ਦੇ ਬੇਸ ਕੈਂਪ ਨੂੰ ਸਰ ਕਰਨ ਵਾ਼ਲੇ 05 ਸਾਲ ਦੇ ਤੇਗਵੀਰ ਸਿੰਘ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਗੁਰਵਿੰਦਰ ਸਿੰਘ ਘਨੌਲੀ ਨੇ ਦੱਸਿਆ ਕਿ ਗਤਕਾ ਮੁਕਾਬਲਿਆਂ ਵਿੱਚ 09 ਟੀਮਾਂ ਨੇ ਭਾਗ ਲਿਆ।ਸਾਰੀਆਂ ਜੇਤੂ ਟੀਮਾਂ ਨੂੰ ਨਕਦ ਰਾਸ਼ੀ ਤੇ ਟਰਾਫੀਆਂ ਇਨਾਮ ਵਜੋਂ ਦਿੱਤੇ ਗਏ। ਦਸਤਾਰਬੰਦੀ ਮੁਕਾਬਲਿਆਂ ਦੇ ਇੰਚਾਰਜ ਜਸਪ੍ਰੀਤ ਸਿੰਘ ਲੋਧੀਮਾਜਰਾ ਨੇ ਦੱਸਿਆ ਨੇ 02 ਗਰੁੱਪਾਂ ਵਿੱਚ ਕਰਵਾਏ ਗਏ ਇਹਨਾਂ ਮੁਕਾਬਲਿਆਂ ਵਿੱਚ 100 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਦੁਮਾਲਾ ਸਜਾਓ ਮੁਕਾਬਲਿਆਂ ਵਿੱਚ 20 ਲੜਕੀਆਂ



ਨੇ ਵੀ ਭਾਗ ਲਿਆ। ਭਾਗ ਲੈਣ ਵਾਲੇ ਸਾਰੇ ਬੱਚਿਆਂ ਦਾ ਗੁਰਮੇਲ ਸਿੰਘ ਭੱਲੜੀ, ਕੁਲਵੰਤ ਸਿੰਘ ਅਤੇ ਸਾਥੀਆਂ ਵੱਲੋਂ ਦਸਤਾਰਾਂ ਨਾ਼ਲ ਸਨਮਾਨਤ ਕੀਤਾ ਗਿਆ। ਦੋਵਾਂ ਗਰੁੱਪਾਂ ਵਿੱਚੋਂ ਪਹਿਲੇ 05 ਸਥਾਨ ਪ੍ਰਾਪਤ ਕਰਨ ਵਾ਼ਲੇ ਬੱਚਿਆਂ ਨੂੰ ਉਚੇਚੇ ਇਨਾਮ ਦਿੱਤੇ ਗਏ। ਦਸਤਾਰਬੰਦੀ ਮੁਕਾਬਲਿਆਂ ਦੌਰਾਨ ਜਜਮੈਂਟ ਦੀ ਸੇਵਾ ਮਨਪ੍ਰੀਤ ਸਿੰਘ, ਪਰਮਜੀਤ ਸਿੰਘ ਸਿੰਘਪੁਰਾ , ਪਰਮਿੰਦਰ ਸਿੰਘ ਰਸੀਦਪੁਰ, ਸਤਵੀਰ ਸਿੰਘ ਘਨੌਲਾ, ਸੁਖਵਿੰਦਰ ਸਿੰਘ ਅਤੇ ਬਲਜੀਤ ਸਿੰਘ ਘਨੌਲੀ ਵੱਲੋ ਨਿਭਾਈ ਗਈ। ਚਿੱਤਰਕਾਰੀ ਅਤੇ ਰੰਗ ਭਰੋ ਮੁਕਾਬਲਿਆਂ ਸਬੰਧੀ ਮਨਜੀਤ ਕੌਰ ਨੇ ਜਾਣਕਾਰੀ ਦਿੱਤੀ ਕਿ ਇਹਨਾਂ ਮੁਕਾਬਲਿਆਂ ਵਿੱਚ ਖਾਲਸਾ ਸਕੂਲ ਰੋਪੜ, ਡੀ।ਏ।ਵੀ। ਸਕੂਲ ਰੋਪੜ, ਗੁਰੂ ਨਾਨਕ ਮਾਡਲ ਸਕੂਲ ਲੋਧੀਮਾਜਰਾ, ਕੁੱਝ ਹੋਰ ਸਕੂਲਾਂ ਅਤੇ ਵੱਖ ਵੱਖ ਪਿੰਡਾਂ ਤੋਂ ਆਏ 200 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਚਿੱਤਰਕਾਰੀ ਮੁਕਾਬਲੇ ਵਿੱਚ ਪਹਿਲੇ ਛੇ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮਾਂ ਦੇ ਨਾ਼ਲ ਨਾ਼ਲ ਭਾਗ ਲੈਣ ਵਾ਼ਲੇ ਸਮੂਹ ਮੁਕਾਬਲੇਬਾਜਾਂ ਨੂੰ ਸਨਮਾਨਿਤ ਕੀਤਾ ਗਿਆ।ਤੱਤ ਖਾਲਸਾ ਜਥਾ ਜਟਾਣਾ ਵੱਲੋਂ ਲਗਾਈ ਸਿੱਖ ਇਤਿਹਾਸ ਪ੍ਰਦਰਸ਼ਨੀ ਸੰਗਤਾਂ ਲਈ ਖਿੱਚ ਦਾ ਕੇਂਦਰ ਬਣੀ ਰਹੀ। ਜਿੱਥੇ ਖੇਡ ਖੇਡ ਵਿੱਚ ਗੁਰਬਾਣੀ ਸਿੱਖੋ ਮੁਕਾਬਲੇ ਵੀ ਕਰਵਾਏ ਗਏ। ਨੈਸ਼ਨਲ ਅਤੇ ਸਟੇਟ ਪੱਧਰ 'ਤੇ ਗਤਕੇ ਵਿੱਚ ਮੈਡਲ ਜਿੱਤਣ ਵਾ਼ਲੇ ਖਿਡਾਰੀਆਂ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਸਵੀਰ ਸਿੰਘ ਮੈਨੇਜਰ ਗੁਰਦੁਆਰਾ ਸ੍ਰੀ ਭੱਠਾ ਸਾਹਿਬ, ਗਿਆਨੀ ਪਵਿੱਤਰ ਸਿੰਘ, ਗਿਆਨੀ ਸੁਖਵਿੰਦਰ ਸਿੰਘ ਥਲੀ, ਜਗਦੀਪ ਸਿੰਘ ਥਲੀ, ਗਿਆਨੀ ਸੁਖਦੇਵ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਪ੍ਰਿੰ। ਕੁਲਵਿੰਦਰ ਸਿੰਘ ਖਾਲਸਾ ਸਕੂਲ ਰੋਪੜ, ਗੁਰਚਰਨ ਸਿੰਘ ਡਇਰੈਕਟਰ ਗੁਰੂ ਨਾਨਕ ਮਾਡਲ ਸਕੂਲ ਲੋਧੀਮਾਜਰਾ, ਸਵਰਨਜੀਤ ਸਿੰਘ ਬੌਬੀ ਬਹਾਦੁਰਪੁਰ, ਕੁਲਤਾਰ ਸਿੰਘ ਪ੍ਰਧਾਨ ਰੋਟਰੀ ਕਲੱਬ ਰੋਪੜ, ਅਜਮੇਰ ਸਿੰਘ ਫ਼ਤਹਿ ਪ੍ਰਿੰਟਿੰਗ ਪ੍ਰੈਸ ਰੋਪੜ, ਤਰਲੋਕ ਸਿੰਘ, ਬੰਤ ਸਿੰਘ, ਪਰਮਜੀਤ ਸਿੰਘ, ਜਸਬੀਰ ਸਿੰਘ, ਰੁਪਿੰਦਰ ਸਿੰਘ, ਗਗਨ, ਰਿੰਕਲ, ਸਰਬਜੀਤ ਸਿੰਘ, ਹਰਜੋਤ ਸਿੰਘ, ਅਮਨਦੀਪ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਧਾਰਮਿਕ ਟ੍ਰੈਕ "ਗੱਲ ਬੇ.ਗਮਪੁਰੇ ਦੀ" ਸੋਸ਼ਲ ਮੀਡੀਆ ਤੇ ਛਾਇਆ, ਪ੍ਰੋਡਿਊਸਰ ਬਿੱਲ ਬਸਰਾ ਦੀ ਹੈ ਪੇਸ਼ਕਸ਼

**ਸਰੀ /ਵੈਨਕੂਵਰ( ਕੁਲਦੀਪ ਚੁੰਬਰ)** ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ, ਆਰ।ਐਮ।ਟੂ ਮਿਊਜਕ ਕੰਪਨੀ, ਮੇਲਾ ਇੰਟਰਟੇਨਰਜ਼ ਕੰਪਨੀ ਕਨੇਡਾ ਅਤੇ ਪ੍ਰੋਡਿਊਸਰ ਸ੍ਰੀ ਬਿੱਲ ਬਸਰਾ ਕਨੇਡਾ ਦੀ ਪੇਸ਼ਕਸ਼ ਪ੍ਰਸਿੱਧ ਰਿਲੀਜ਼ ਕੀਤੇ ਧਾਰਮਿਕ ਸਿੰਗਲ ਟ੍ਰੈਕ "ਗੱਲ ਬੇ.ਗਮਪੂਰੇ ਦੀ" ਦੇ ਵੀਡੀਓ ਨੂੰ ਯੂ ਟਿਊਬ ਤੇ ਸੰਗਤਾਂ ਵਲੋਂ ਖੂਬ ਪਿਆਰ ਮਿਲ ਰਿਹਾ ਹੈ। ਮਿਸ਼ਨਰੀ ਗੀਤਕਾਰ ਅਮਰਜੀਤ ਬੇਗਮਪੁਰੀ ਕਨੇਡਾ ਵਲੋਂ ਇਹ ਟ੍ਰੈਕ ਕਲਮਬੱਧ ਕੀਤਾ ਗਿਆ ਹੈ। ਜਾਣਕਾਰੀ ਦਿੰਦਿਆਂ ਗਾਇਕ ਰਾਜ ਦਦਰਾਲ ਨੇ ਦੱਸਿਆ ਇਸ ਧਾਰਮਿਕ ਗੀਤ ਦਾ ਮਿਊਜ਼ਿਕ ਬੀ ਆਰ ਡਿਮਾਣਾ ਤੇ ਆਰ।ਡੀ ਬੁਆਏ ਵਲੋਂ ਤਿਆਰ ਕੀਤਾ ਹੈ ਤੇ ਇਸ ਦਾ ਫਿਲਮਾਂਕਣ ਵੀਡੀਓ ਡਾਇਰੈਕਟਰ ਧਰਮਵੀਰ ਡੀ।ਜੀ।ਸਟਾਰ ਫ਼ਿਲਮ




ਏ।ਜੇ ਫ਼ਿਲਮ ਵਲੋਂ ਸ਼ੂਟ ਕੀਤਾ ਗਿਆ ਹੈ। ਇਸ ਧਾਰਮਿਕ ਗੀਤ ਨੂੰ ਗਾਇਕ ਰਾਜ ਦਦਰਾਲ, ਨਿਰਮਲ ਨਿੰਮਾ, ਜਗਦੀਸ਼ ਜਾਡਲਾ, ਹਰਦੀਪ ਦੀਪਾ, ਦਵਿੰਦਰ ਰੂਹੀ, ਹਰਦੀਪ ਬੱਲ, ਦੀਪ ਅ ਲਾ ਚੌਂ ਰੀ ਆ , ਆਰ।ਡੀ।ਸਾਗਰ, ਲੱਕੀ ਹਿਆਲਾ, ਰਵਿਜੈ ਜਾਡਲਾ, ਦਵਿੰਦਰ ਬੀਸਲਾ, ਰਾਜ ਮਨਰਾਜ ਦੀ ਬਲੰਦ ਅਵਾਜ਼ ਵਿੱਚ ਗਾਇਆ ਹੈ ਤੇ ਇਸ ਮਿਸ਼ਨਰੀ ਗੀਤ ਨੂੰ ਤਿਆਰ ਕਰਨ ਲਈ ਮਿਸ਼ਨਰੀ ਸਾਥੀ ਧਰਮਪਾਲ ਕਲੇਰ ਜਰਮਨੀ,ਅਜੇ ਗਾਟ ਯੂਐਸਏ, ਮਾ ਮੱਖਣ ਬਖਲੌਰ ਦਾ ਬਹੁਤ ਵੱਡਾ ਸਹਿਯੋਗ ਰਿਹਾ ਹੈ ।

## ਬਰਫ਼ ਦਾ ਡਲਾ

ਸਕੂਲੋਂ ਮੁੜ , ਚਪਲਾਂ ਸੁੱਟ ਮੈਂ ਮਾਂ ਨੂੰ ਕਿਹਾ,ਠੰਡਾ ਪਾਣੀ ਹੈਗਾ, ਮਾਂ ਬੋਲੀ , ਜਾਂ ਗੁਆਂਢ ਦੇ ਘਰੋਂ ਫ਼ੜ ਲਿਆ, ਸਕੂਲੋਂ ਘਰ ਤੱਕ ਹੀ ਪੈਰਾਂ ਦਾ ਧੁੱਪ ਚ ਤੁਰਨ ਕਰਕੇ ਬੁਰਾ ਹਾਲ ਸੀ,ਫੇਰ ਵੀ ਠੰਡੇ ਮਿੱਠੇ ਪਾਣੀਂ ਦੇ ਚਾਅ ਚ ਮੈਂ ਗੁਆਂਢ ਜਾਂ ਬੂਹਾ ਖੜਕਾਇਆ, ਅੱਗੋਂ ਵਾਜ ਆਈ।।।।ਨਾ ਤੁਸੀਂ ਆਪ ਟਿਕਣਾ ਦੁਪਹਿਰੇ ਨਾ ਦੂਜੇ ਨੂੰ ਟਿਕਣ ਦੇਣਾ, ਬੁੜ ਬੁੜ ਕਰਦੀਂ ਨੇ ਮੈਨੂੰ ਬਰਫ਼ ਦਾ ਛੋਟਾ ਡਲਾ ਫੜਾਉਦੀ ਬੋਲੀਂ।।ਬੱਤੀ ਸਾੜਨੀ ਪੈਂਦੀ ਕੁੜੇ,ਫਿਰ ਬਣਦੀ ਬਰਫ਼,ਐਵੇਂ ਨਾ ਮੂੰਹ ਚੱਕ ਕੇ ਆਇਆ ਕਰ, ਮੈਂ ਭਰੀ ਪੀਤੀ ਨੇ ਘਰ ਆ ਮਾਂ ਨੂੰ ਦੱਸੇ ਬਿਨਾਂ ਕੰਧ ਨਾਲ ਮਾਰਿਆ ਬਰਫ਼ ਦਾ ਡਲਾ, ਤੇ ਮਾਂ ਨੂੰ ਕਿਹਾ,ਬੇਬੇ ਤੱਤੀ ਤੱਤੀ ਚਾਹ ਦੇ,ਜੇਠ ਹਾੜ ਦੀ ਅੱਗ ਵਰਾਉਂਦੀ ਗਰਮੀ ਚ,ਅੱਜ ਬਰਫ਼ ਉੱਤੇ ਚਾਹ ਭਾਰੀ ਪੈ ਰਹੀ ਸੀ, ਚਾਹ ਦੀ ਇੱਕ ਇੱਕ ਘੁੱਟ ਮੇਰਾ ਸੀਨਾ ਠਾਰ ਰਹੀ ਸੀ ਤੇ ਦੂਰ ਜਾਂ ਡਿੱਗਾ ਬਰਫ਼ ਦਾ ਡਲਾ ਹੌ਼ਲੀ ਹੌ਼ਲੀ ਆਪਣੀ ਹੋਂਦ ਗੁਆ ਰਿਹਾ ਸੀ।



**ਮਨਪ੍ਰੀਤ ਕੌਰ ਸੰਧੂ**
**ਮੁੰਬਈ**
**ਮਹਾਰਾਸ਼ਟਰ**
**9769186791(ਵ੍ਹਟਸਐਪ)**

# ਮਾਛੀਵਾੜਾ ਵਿੱਚ ਕਾਂਗਰਸ ਨੇ ਆਪਣੇ ਹੀ ਕਾਂਗਰਸੀ ਐਮ ਸੀਆਂ ਨੂੰ ਨੋਟਿਸ ਜਾਰੀ ਕੀਤੇ

**ਮਾਛੀਵਾੜਾ ਸਾਹਿਬ/ ਬਲਬੀਰ ਸਿੰਘ ਬੱਬੀ**

ਮਾਛੀਵਾੜਾ ਸਾਹਿਬ ਦੀ ਨਗਰ ਕੌਂਸਲ ਪ੍ਰਧਾਨਗੀ ਦਾ ਰੌਲ਼ਾ ਨਾਮਜਦਗੀ ਪੱਤਰ ਸ਼ੁਰੂ ਹੋਣ ਤੋਂ ਲੈ ਕੇ ਪ੍ਰਧਾਨਗੀ ਦੀ ਚੋਣ ਤੋਂ ਬਾਅਦ ਵੀ ਪੈਂਦਾ ਨਜ਼ਰ ਆ ਰਿਹਾ ਹੈ ਹੁਣ ਇਹ ਮਸਲਾ ਕਾਂਗਰਸ ਬਨਾਮ ਕਾਂਗਰਸ ਹੋ ਗਿਆ ਹੈ। ਇਸ ਸਬੰਧੀ ਅੱਜ ਇਕ ਪ੍ਰੈਸ ਨੋਟ ਜਾਰੀ ਕਰਦਿਆਂ ਬਲਾਕ ਕਾਂਗਰਸ ਮਾਛੀਵਾੜਾ ਦੇ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਜਿਲਾ ਖੰਨਾ ਦੇ ਕਾਂਗਰਸ ਦੇ ਜਿਲਾ ਪ੍ਰਧਾਨ ਤੇ ਸੀਨੀਅਰ ਕਾਂਗਰਸੀ ਆਗੂ ਲਖਬੀਰ ਸਿੰਘ ਲੱਖਾ ਦੇ ਸਾਹਮਣੇ ਇਹ ਸਾਰਾ ਮਾਮਲਾ ਲਿਆਂਦਾ ਜਦੋਂ ਮਾਛੀਵਾੜਾ ਸਾਹਿਬ ਦੀ ਨਗਰ ਕੌਂਸਲ ਪ੍ਰਧਾਨਗੀ ਦਰਮਿਆਨ ਕਾਂਗਰਸ ਦੇ ਦੋ ਐਮ ਸੀ ਸੁਰਿੰਦਰ ਸ਼ਿੰਦੀ ਤੇ ਰਸ਼ਮੀ




ਜੈਨ, ਜਿਨਾਂ ਨੇ ਕਾਂਗਰਸ ਦੇ ਉਲਟ ਜਾਂਦਿਆਂ ਹੋਇਆਂ ਮੌਜੂਦਾ ਪ੍ਰਧਾਨ ਮੋਹਿਤ ਕੁੰਦਰਾ ਦੇ ਹੱਕ ਵਿੱਚ ਵੋਟ ਕੀਤੀ ਤੇ ਪ੍ਰਧਾਨਗੀ ਦਰਮਿਆਨ ਉਹਨਾਂ ਦੇ ਹੱਕ ਵਿੱਚ ਭੁਗਤੇ। ਇਸ ਦਾ ਹਲਕਾ ਸਮਰਾਲਾ ਦੇ ਇੰਚਾਰਜ ਰਾਜਾ ਗਿੱਲ ਜਾਂ ਕਾਂਗਰਸ ਦੇ ਹੋਰ ਕਿਸੇ ਵੀ ਵੱਡੇ ਛੋਟੇ ਆਗੂ ਨੂੰ ਬਿਲਕੁਲ ਵੀ ਪਤਾ ਨਹੀਂ ਸੀ। ਜਦੋਂ ਇਹ ਗੱਲ ਸਾਹਮਣੇ ਆਈ ਤਾਂ ਲੋਕ ਕਾਂਗਰਸ ਦੇ ਆਗੂਆਂ ਨੂੰ ਹੀ ਸਵਾਲ ਕਰਨ ਲੱਗ ਪਏ। ਇਸ ਤੋਂ ਬਾਅਦ ਇਹ ਮਾਮਲਾ ਕਾਂਗਰਸ ਹਾਈ ਕਮਾਂਡ ਦੇ ਕੋਲ ਗਿਆ ਜਿਨਾਂ ਦੋ ਐਮ ਸੀਆਂ ਨੇ ਮਾਛੀਵਾੜਾ ਸਾਹਿਬ ਵਿੱਚ ਕਾਂਗਰਸ ਪਾਰਟੀ ਦੇ ਵਿਰੁੱਧ ਜਾ ਕੇ ਵੋਟ ਪਾਈ ਹੈ ਹੁਣ ਉਹਨਾਂ ਨੂੰ ਨੋਟਿਸ ਜਾਰੀ ਕੀਤੇ ਹਨ। ਜੇਕਰ ਉਹ ਇਸ ਨੋਟਿਸ ਦਾ ਜਵਾਬ ਸੱਤ ਦਿਨ ਦੇ ਵਿੱਚ ਲਿਖਤੀ ਰੂਪ ਜਾ ਮਿਲ ਕੇ ਜਵਾਬ ਨਹੀਂ ਦੇਣਗੇ ਤਾਂ ਫਿਰ ਉਹਨਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਹੋਵੇਗੀ।

# ਲੋਕ ਗਾਇਕ ਬਲਰਾਜ ਬਿਲਗਾ ਦਾ ਧਾਰਮਿਕ ਟ੍ਰੈਕ "ਸਤਿਗੁਰ ਕਾਂਸ਼ੀ ਵਾਲਾ" ਰਿਲੀਜ਼ਿੰਗ ਪੁਆਇੰਟ ਤੇ - ਸੱਤੀ ਖੋਖੇਵਾਲੀਆ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**–ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸੰਬੰਧ ਵਿੱਚ ਕੀਤੀ ਗਈ ਧਾਰਮਿਕ ਐਲਬਮ ਦੇ ਵਿੱਚੋਂ ਦੂਸਰਾ ਗੀਤ "ਮੇਰੇ ਸਤਿਗੁਰ ਕਾਂਸੀ ਵਾਲੇ " ਦੇ ਟਾਈਟਲ ਹੇਠ ਰਿਲੀਜ਼ ਕੀਤਾ ਜਾ ਰਿਹਾ ਹੈ । ਇਸ ਸਬੰਧੀ ਸੱਤੀ ਖੋਖੇਵਾਲੀਆ ਪ੍ਰੋਡਕਸ਼ਨ ਦੇ ਨਿਰਮਾਤਾ ਅਤੇ ਗੀਤਕਾਰ ਸੱਤੀ ਖੋਖੇਵਾਲੀਆਂ ਨੇ ਸੋਸ਼ਲ ਮੀਡੀਆ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਵਲੋਂ ਹਰ ਸਾਲ ਉੱਚਕੋਟੀ ਦੇ ਗਾਇਕਾਂ ਦੇ ਪ੍ਰੋਜੈਕਟ ਸਤਿਗੁਰੂ ਰਵਿਦਾਸ ਮਹਾਰਾਜ ਦੀ ਮਹਿਮਾ ਨਾਲ ਸ਼ਿੰਗਾਰਕੇ ਰਿਲੀਜ਼ ਕੀਤੇ ਜਾਂਦੇ ਹਨ, ਜਿਨਾਂ ਨੂੰ ਸੰਗਤਾਂ ਬੇਪਨਾਹ ਮੁਹੱਬਤਾਂ ਦੇ ਕੇ ਨਿਵਾਜਦੀਆਂ ਹਨ। "ਮੇਰੇ ਸਤਿਗੁਰ ਕਾਂਸ਼ੀ ਵਾਲੀ ਦਾ" ਟ੍ਰੈਕ ਪ੍ਰਸਿੱਧ ਗਾਇਕ ਬਲਰਾਜ ਬਿਲਗਾ ਨੇ ਆਪਣੀ ਖੂਬਸੂਰਤ ਦਮਦਾਰ ਆਵਾਜ਼ ਵਿੱਚ ਗਾਇਆ ਹੈ। ਜਿਸ ਦਾ ਸੰਗੀਤ




ਜੱਸੀ ਬ੍ਰਦਰਜ਼ ਨੇ ਰਵਾਇਤੀ ਅੰਦਾਜ਼ ਵਿੱਚ ਦਿੱਤਾ ਹੈ । ਜਿਨਾਂ ਦੇ ਸੰਗੀਤ ਦੀ ਵਿਲੱਖਣਤਾ ਸੰਗੀਤ ਇੰਡਸਟਰੀ ਵਿੱਚ ਪਹਿਲਾਂ ਹੀ ਧਾਂਕ ਜਮਾ ਚੁੱਕਾ ਹੈ। ਟਰੈਕ ਦੇ ਪੇਸ਼ਕਰਤਾ ਜੱਸੀ ਬੰਗਾ ਯੂਐਸਏ ਹਨ ਤੇ ਇਸਦਾ ਸ਼ਾਨਦਾਰ ਵੀਡੀਓ ਸੋਨੂ ਬੈਂਸ ਵਲੋਂ ਫ਼ਿਲਮਾਇਆ ਗਿਆ ਹੈ । ਜਿਸ ਵਿੱਚ ਸਤਿਗੁਰ ਰਵਿਦਾਸ ਮਹਿਮਾ ਦੇ ਰੰਗ ਵਿੱਚ ਰੰਗੀਆਂ ਸੰਗਤਾਂ ਝੂੰਮਦੀਆਂ ਦਿਖਾਈਆਂ ਗਈਆਂ ਹਨ । ਸੱਤੀ ਖੋਖੇਵਾਲੀਆ ਜਿੱਥੇ ਆਪਣੀ ਗੀਤਕਾਰੀ ਦੇ ਜਰੀਏ ਸਤਿਗੁਰਾਂ ਦੇ ਚਰਨਾਂ ਦਾ ਪਿਆਰ ਖੱਟ ਰਿਹਾ ਹੈ, ਉਥੇ ਹੀ ਉਸ ਦੀ ਗਾਇਕੀ ਵਿੱਚ ਵੀ ਚੰਗੀ ਪਹਿਚਾਣ ਬਣੀ ਹੋਈ ਹੈ ਅਤੇ ਉਹ ਸੋਸ਼ਲ ਮੀਡੀਆ ਤੇ ਇੱਕ ਅਹਿਮ ਕਲਾਕਾਰ ਦੀ ਹੈਸੀਅਤ ਵਜੋਂ ਜਾਣਿਆ ਜਾਂਦਾ ਹੈ। ਸੱਤੀ ਖੋਖੇਵਾਲੀਆਂ ਨੇ ਦੱਸਿਆ ਕਿ ਇਸ ਗੀਤ ਤੋਂ ਬਾਅਦ ਅਗਲੇ ਆਉਣ ਵਾਲੇ ਵੱਖ-ਵੱਖ ਟਰੈਕਸ ਸਬੰਧੀ ਵੀ ਸੰਗਤ ਨੂੰ ਜਲਦ ਹੀ ਜਾਣੂ ਕਰਵਾਇਆ ਜਾਏਗਾ।

# ਗਾਇਕਾ ਪ੍ਰੇਮ ਲਤਾ ਨੇ ਵੀ ਸਿੰਗਲ ਟ੍ਰੈਕ "ਗੁਰੂ ਰਵਿਦਾਸ ਪਿਤਾ ਜੀ" ਨਾਲ ਭਰੀ ਹਾਜ਼ਰੀ

**ਸਰੀ /ਵੈਨਕੂਵਰ( ਕੁਲਦੀਪ ਚੁੰਬਰ)**– ਜਗਤ ਗੁਰੂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਇਸ ਸਮੇਂ ਸੋਸ਼ਲ ਮੀਡੀਆ ਤੇ ਅਤੇ ਸੰਗੀਤ ਇੰਡਸਟਰੀ ਵਿੱਚ ਆ ਰਹੇ ਸਿੰਗਲ ਟਰੈਕਸ ਦੀ ਝੜੀ ਲੱਗੀ ਹੋਈ ਹੈ । ਜਿਸ ਵਿੱਚ ਹਰ ਕਲਾਕਾਰ ਆਪਣੀ ਹਾਜ਼ਰੀ ਲਗਵਾਉਣ ਲਈ ਪੱਬਾਂ ਭਾਰ ਹੋਇਆ ਪਿਆ ਹੈ, ਇਸ ਕੜੀ ਵਿੱਚ ਵਿਸ਼ਵ ਪ੍ਰਸਿੱਧ ਸੁਰੀਲੀ ਆਵਾਜ਼ ਦੀ ਮਲਿਕਾ ਗਾਇਕਾ ਪ੍ਰੇਮ ਲਤਾ ਨੇ ਵੀ ਆਪਣੇ ਇਕ ਸਿੰਗਲ ਟ੍ਰੈਕ ਨਾਲ ਸੰਗਤ ਦੇ ਰੂਬਰੂ ਹੋਣ ਦਾ ਸ਼ਾਨਦਾਰ ਯਤਨ ਕੀਤਾ ਹੈ। ਗਾਇਕ ਪ੍ਰੇਮ ਲਤਾ ਦੇ ਸਿੰਗਲ ਟਰੈਕ ਦਾ ਟਾਈਟਲ "ਗੁਰੂ ਰਵਿਦਾਸ ਪਿਤਾ ਜੀ" ਹੈ। ਜਿਸ ਨੂੰ ਵਿਸ਼ਵ ਪ੍ਰਸਿੱਧ ਮਿਸ਼ਨਰੀ ਕਲਮ ਰੱਤੂ ਰੰਧਾਵਾ




ਨੇ ਕਲਮਬੱਧ ਕੀਤਾ ਹੈ ਤੇ ਇਸ ਟਰੈਕ ਨੂੰ ਤਾਜ ਇੰਟਰਟੇਨਮੈਂਟ ਕੰਪਨੀ ਅਤੇ ਰੱਤੂ ਰੰਧਾਵਾ ਵੱਲੋਂ ਹੀ ਲਾਂਚ ਕੀਤਾ ਗਿਆ ਹੈ। ਗਾਇਕਾ ਪ੍ਰੇਮ ਲਤਾ ਜਿੱਥੇ ਪੰਜਾਬੀ ਗੀਤਾਂ ਦੇ ਖੇਤਰ ਵਿੱਚ ਆਪਣਾ ਅਹਿਮ ਨਾਮ "ਮੁੰਦਰੀ" ਅਤੇ "ਸਦਾ ਖੁੱਲ੍ਹੇ ਦਰਵਾਜੇ ਸੱਜਣਾ ਤੇਰੇ ਲਈ" ਗੀਤਾਂ ਨਾਲ ਬਣਾ ਚੁੱਕੀ ਹੈ, ਉਥੇ ਹੀ ਉਸ ਵੱਲੋਂ ਗਾਏ ਗਏ ਮਿਸ਼ਨ ਦੇ ਗੀਤਾਂ ਦੀ ਲੰਬੀ ਲੜੀ ਹੈ । ਜਿਸ ਵਿੱਚੋਂ ਉਸਨੇ ਮਿਸ਼ਨ ਦੇ ਸਾਰੇ ਹੀ ਯੋਧਿਆਂ, ਰਹਿਬਰਾਂ, ਗੁਰੂਆਂ ਮਹਾਂਪੁਰਸ਼ਾਂ ਦੀ ਗਾਥਾ ਨੂੰ ਗਾਇਨ ਕਰਕੇ ਸੰਗਤ ਦੇ ਸਨਮੁੱਖ ਕੀਤਾ ਹੈ। ਉਹ ਸਟੇਜ ਦੀ ਧਨੀ ਕਲਾਕਾਰ ਹੈ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਉਸਦੀ ਹਾਜ਼ਰੀ ਸਟੇਜਾਂ ਤੇ ਪ੍ਰਵਾਨ ਚੜ ਚੁੱਕੀ ਹੈ। ਇਸ ਖੂਬਸੂਰਤ ਟ੍ਰੈਕ ਦਾ ਸੰਗੀਤ ਨਿਰਭੈ ਸਿੰਘ ਨੇ ਤਿਆਰ ਕੀਤਾ ਹੈ ਤੇ ਹਾਰਡ ਟੱਚ ਤਾਜ ਇੰਟਰਟੇਨਮੈਂਟ ਦੀ ਇਹ ਫਖਰੀਆ ਪੇਸ਼ਕਾਸ਼ ਹੈ। ਰੱਤੂ ਰੰਧਾਵਾ ਦੇ ਲਿਖੇ ਗੀਤਾਂ ਨੂੰ ਸੰਗਤ ਬੇਪਨਾਹ ਮੁਹੱਬਤ ਬਖਸ਼ਦੀ ਆਈ ਹੈ ਤੇ ਇਸ ਟਰੈਕ ਨੂੰ ਵੀ ਸੰਗਤ ਗੁਰੂ ਘਰ ਦਾ ਪਿਆਰ ਦੇ ਕੇ ਨਿਵਾਜੇਗੀ ।

## ਸਤਿਕਾਰ

11 ਕੁ ਵਜੇ ਸੂਰਜ ਦੇਵਤਾ ਨੇ ਚਮਕਾਰਾ ਮਾਰਿਆ, ਥੋੜੀ ਹਿੱਲ ਜੁਲ ਹੋਈ। ਜਦੋਂ ਬਾਹਰ ਨਿਕਲਿਆ ਅੱਡੇ ਵਾਲੇ ਮੋੜ ਦੇ ਉੱਤੇ ਪੰਜ ਛੇ ਜਣੇ ਅਖਬਾਰ ਦੀਆਂ ਖਬਰਾਂ ਵਿੱਚ ਮਗਨ ਦਿਸੇ। ਪੈੜ ਚਾਲ ਜਿਹੀ ਕਰਦਾ ਮੈਂ ਵੀ ਉਹਨਾਂ ਕੋਲ ਪਹੁੰਚ ਗਿਆ ਤੇ ਮਾਘੀ ਮੇਲੇ ਦੀਆਂ ਨਾਲ ਸਬੰਧਿਤ ਖਬਰਾਂ ਉੱਤੇ ਨਜ਼ਰ ਮਾਰਨ ਲੱਗਾ। ਪੰਜਾਬ ਨਾਲ ਸੰਬੰਧਿਤ ਸਿਆਸੀ ਪਾਰਟੀਆਂ ਦੇ ਆਗੂ ਗੱਜੇ। ਨਵਾਂ ਅਕਾਲੀ ਦਲ ਬਣਿਆ। ਉਧਰੋਂ ਯੂ ਪੀ ਵਾਲਿਆਂ ਦਾ ਤੇਜਾ ਅਖਬਾਰ ਦਾ ਇੱਕ ਸਫ਼ਾ ਪੜ੍ਹਦਾ ਹੋਇਆ ਆਖਣ ਲੱਗਾ, ਆਹ ਦੇਖ ਲਉ ਪੰਜਾਬ ਸਰਕਾਰ ਬਜ਼ੁਰਗਾਂ ਦਾ ਸਤਿਕਾਰ ਕਰਨ ਲੱਗ ਪਈ, ਮੈਂ






ਉਧਰ ਨਜ਼ਰ ਮਾਰੀ ਤਾਂ ਅਖਬਾਰ ਵਿੱਚ ਪੰਜਾਬ ਸਰਕਾਰ ਦਾ ਇਸ਼ਤਿਹਾਰ ਸੀ ਜੋ ਇੱਕ ਪੂਰੇ ਸਫ਼ੇ ਦਾ ਸੀ ਪੰਜਾਬ ਦੇ ਮੁੱਖ ਮੰਤਰੀ ਦੀ ਫੋਟੋ ਤੇ ਨਾਲ ਹੀ ਇੱਕ ਬਜ਼ੁਰਗ ਸੀ ਕਿ ਪੰਜਾਬ ਸਰਕਾਰ ਬਜ਼ੁਰਗਾਂ ਦਾ ਸਤਿਕਾਰ ਕਰਨ ਲੱਗੀ। ਇੰਨੇ ਨੂੰ ਗਿੱਲਾਂ ਵਾਲਿਆਂ ਦਾ ਮਾਸਟਰ ਮਲਕੀਤ ਸਿੰਘ ਭੁੱਖ ਹੜਤਾਲ ਉੱਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਖਬਰ ਦਿਖਾਉਂਦਾ ਹੋਇਆ ਬੋਲਿਆ ਆਹ ਵੀ ਤਾਂ ਬਜ਼ੁਰਗ ਹੈ, ਪੰਜਾਬ ਸਰਕਾਰ ਇਹਦਾ ਸਤਿਕਾਰ ਕਿਉਂ ਨਹੀਂ ਕਰਦੀ।ਤੁਰੰਤ ਹੀ ਸਾਰੇ ਸਰਕਾਰੀ ਇਸ਼ਤਿਹਾਰ ਤੇ ਡੱਲੇਵਾਲ ਵਾਲੀ ਖ਼ਬਰ ਵੱਲ ਵੇਖਣ ਲੱਗ ਪਏ।

**ਬਲਬੀਰ ਸਿੰਘ ਬੱਬੀ**

**7009107300**

# ਡੇਰਾ ਬੱਲਾਂ 'ਚ ਸੰਤ ਨਿਰੰਜਣ ਦਾਸ ਜੀ ਨੇ ਕੰਠ ਕਲੇਰ ਦਾ ਧਾਰਮਿਕ ਗੀਤ 'ਵਿਹੜੇ ਸੰਤਾਂ ਦੇ' ਕੀਤਾ ਰਿਲੀਜ਼

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)**-ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਉਸਤਤ ਵਿਚ ਵਿਸ਼ਵ ਪ੍ਰਸਿੱਧ ਸੁਰੀਲੇ ਗਾਇਕ ਕੰਠ ਕਲੇਰ ਵਲੋਂ ਹਰ ਸਾਲ ਹੀ ਆਪਣੀ ਗਾਇਕੀ ਨਾਲ ਆਪਣੀ ਸ਼ਰਧਾ ਅਰਪਣ ਕੀਤੀ ਜਾਂਦੀ ਹੈ ਅਤੇ ਇਸ ਵਾਰ ਵੀ ਪ੍ਰਕਾਸ਼ ਪੁਰਬ ਨੂੰ ਸਮਰਪਿਤ ਉਹਨਾਂ ਅੱਠ ਗੀਤਾਂ ਦੀ ਇਕ ਐਲਬਮ 'ਵਿਹੜੇ ਸੰਤਾਂ ਦੇ' ਗੁਰੂ ਚਰਨਾਂ ਵਿਚ ਭੇਟ ਕੀਤੀ ਹੈ ਜਿਸਦਾ ਟਾਈਟਲ ਗੀਤ 'ਵਿਹੜੇ ਸੰਤਾਂ ਦੇ' ਅੱਜ ਡੇਰਾ ਬੱਲਾਂ ਦੇ ਮੁਖੀ ਸੰਤ ਨਿਰੰਜਣ ਦਾਸ ਜੀ ਨੇ ਆਪਣੇ ਕਰ ਕਮਲਾਂ ਨਾਲ ਰਿਲੀਜ਼ ਕੀਤਾ। ਗੀਤਕਾਰ ਮਦਨ ਜਲੰਧਰੀ ਦੇ ਲਿਖੇ ਬੋਲਾਂ ਨੂੰ ਸੰਗੀਤਕਾਰ ਬਮਨ ਤੇ ਕਮਲ ਕਲੇਰ ਨੇ ਮਧੁਰ ਸੰਗੀਤ ਵਿਚ ਪਰੋਇਆ ਹੈ। ਸੰਗੀਤ ਕੰਪਨੀ ਕੇ।ਕੇ।ਮਿਊਜ਼ਿਕ ਨੇ ਗੀਤ ਨੂੰ ਯੂਟਿਊਬ ਸਮੇਤ ਦੁਨੀਆਂ ਦੇ ਹਰ ਪਲੇਟਫ਼ਾਰਮ ਉੱਤੇ ਰਿਲੀਜ਼ ਕੀਤਾ ਹੈ। ਕਮਲ ਕਲੇਰ ਨੇ ਦੱਸਿਆ ਕਿ ਇਹ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਇਕ ਸਤਿਕਾਰਤ ਭੇਟ ਹੈ ਤੇ ਜਲਦ ਹੀ ਇਸ ਗੀਤ ਦਾ ਵੀਡੀਓ ਵੀ ਰਿਲੀਜ਼ ਕੀਤਾ






ਧਾਰਮਿਕ ਸਿੰਗਲ ਟ੍ਰੈਕ "ਵਿਹੜੇ ਸੰਤਾਂ ਦੇ" ਪੋਸਟਰ ਰਿਲੀਜ਼ ਕਰਦੇ ਹੋਏ ਸੰਤ ਨਿਰੰਜਣ ਦਾਸ ਜੀ, ਗਾਇਕ ਕੰਠ ਕਲੇਰ, ਗੀਤਕਾਰ ਮਦਨ ਜਲੰਧਰੀ, ਕਮਲ ਕਲੇਰ ਅਤੇ ਹੋਰ।

# ਗਾਇਕ ਕੇ ਐਸ ਮੱਖਣ ਦਾ ਧਾਰਮਿਕ ਟਰੈਕ "ਧੁੰਮਾਂ ਪੈ ਗਈਆਂ" ਹੋਇਆ ਰਿਲੀਜ਼- ਸੱਤੀ ਖੋਖੇਵਾਲੀਆ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**- ਵਿਸ਼ਵ ਪ੍ਰਸਿੱਧ ਆਵਾਜ਼ ਕੇ ਐਸ ਮੱਖਣ ਆਪਣੇ ਧਾਰਮਿਕ ਸਿੰਗਲ ਟਰੈਕ "ਧੁੰਮਾਂ ਪੈ ਗਈਆਂ" ਨਾਲ ਸੰਗਤ ਵਿੱਚ ਇੱਕ ਵਾਰ ਫੇਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਦੇ ਮੌਕੇ ਤੇ ਹਾਜ਼ਰੀਆਂ ਭਰ ਰਿਹਾ ਹੈ। ਗਾਇਕ ਕੇ ਐਸ ਮੱਖਣ ਇਸ ਤੋਂ ਪਹਿਲਾਂ ਚਰਚਿਤ ਗੀਤਕਾਰ ਰੱਤੂ ਰੰਧਾਵਾ ਦਾ ਲਿਖਿਆ ਪ੍ਰਸਿੱਧ ਗੀਤ "ਲੈ ਕੇ ਬਾਬਾ ਸਾਹਿਬ ਨੇ ਦਿੱਤੇ ਸਾਨੂੰ ਹੱਕ ਬਰਾਬਰ ਦੇ" ਨਾਲ ਮਿਸ਼ਨ ਦੇ ਖੇਤਰ ਵਿੱਚ ਸੱਚਮੁੱਚ ਹੀ ਧੁੰਮਾਂ ਪਾ ਦਿੱਤੀਆਂ ਤੇ ਹੁਣ ਉਹ ਇਸ ਟ੍ਰੈਕ "ਧੁੰਮਾਂ ਪੈ ਗਈਆਂ" ਨਾਲ ਫਿਰ ਦੁਬਾਰਾ ਸੰਗਤ ਵਿੱਚ ਕਾਂਸ਼ੀ ਵਾਲੇ ਮਹਾਨ ਸਤਿਗੁਰ ਦੀ ਮਹਿਮਾ ਦਾ ਗੁਣਗਾਨ ਕਰਕੇ ਵੱਡੀਆਂ ਖੁਸ਼ੀਆਂ ਪ੍ਰਾਪਤ ਕਰੇਗਾ । ਐਸ ਕੇ ਪ੍ਰੋਡਕਸ਼ਨ ਅਤੇ ਸੱਤੀ ਖੋਖੇਵਾਲੀਆਂ ਨੇ ਇਸ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਦੀ ਸਮੁੱਚੀ




ਟੀਮ ਵੱਲੋਂ ਵੱਖ ਵੱਖ ਕਲਾਕਾਰਾਂ ਦਾ ਗੁਲਦਸਤਾ ਇਸ ਆਗਮਨ ਪੁਰਬ ਤੇ ਤਿਆਰ ਕੀਤਾ ਗਿਆ ਹੈ, ਜਿਨ੍ਹਾਂ ਨੂੰ ਇੱਕ ਇਕ ਕਰਕੇ ਲਾਂਚ ਕਰ ਦਿੱਤਾ ਜਾਵੇਗਾ। ਕੇ ਐਸ ਮੱਖਣ ਦੇ ਇਸ ਟਰੈਕ ਧੁੰਮਾਂ ਪੈ ਗਈਆਂ ਨੂੰ ਪ੍ਰਸਿੱਧ ਗੀਤਕਾਰ ਪੰਛੀ ਡੱਲੇਵਾਲੀਆਂ ਨੇ ਲਿਖਿਆ ਹੈ। ਜਿਨ੍ਹਾਂ ਨੇ ਅਨੇਕਾਂ ਰਚਨਾਵਾਂ ਅਤੇ ਗੁਰੂ ਰਵਿਦਾਸ ਜੀ ਦੇ ਮਿਸ਼ਨ ਦੀਆਂ ਕਈ ਕਿਤਾਬਾਂ ਸੰਗਤ ਦੀ ਝੋਲੀ ਪਾਈਆਂ ਹਨ। ਜੱਸੀ ਬ੍ਰਦਰਜ਼ ਨੇ ਇਸ ਦਾ ਸ਼ਾਨਦਾਰ ਸੰਗੀਤ ਤਿਆਰ ਕੀਤਾ ਹੈ ਅਤੇ ਜੱਸੀ ਬੰਗਾ ਅਮਰੀਕਾ ਦੀ ਇਹ ਫਖਰੀਆ ਪੇਸ਼ਕਸ਼ ਹੈ । ਸੰਤੋਖ ਲਾਲ ਭਾਰਤੀ ਨਿਊਯਾਰਕ ਸਮੇਤ ਵੀਡੀਓ ਡਾਇਰੈਕਟਰ ਸੋਨੂ ਬੈਂਸ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ ਹੈ । ਇਹ ਟਰੈਕ ਸੱਤੀ ਖੋਖੇਵਾਲੀਆ ਪ੍ਰੋਡਕਸ਼ਨਯ ਚੈਨਲ ਤੇ ਲਾਂਚ ਕਰ ਦਿੱਤਾ ਗਿਆ ਹੈ ।ਸੰਗਤ ਇਸ ਨੂੰ ਵੱਧ ਤੋਂ ਵੱਧ ਸਰਵਣ ਕਰਕੇ ਸ਼ੇਅਰ ਕਰੇ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੇ ।

# ਅਗਨਵੀਰ ਭਰਤੀ ਸਬੰਧੀ ਲਿਖਤੀ ਪੇਪਰ ਦੀ ਤਿਆਰੀ ਲਈ ਕੈਂਪ 16 ਜਨਵਰੀ ਤੋਂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸੀ-ਪਾਈਟ ਕੈਂਪ ਨਵਾਂਸ਼ਹਿਰ ਦੇ ਟ੍ਰੇਨਿੰਗ ਅਧਿਕਾਰੀ ਸੂਬੇਦਾਰ ਤਜਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਤਹਿਸੀਲ ਮਾਛੀਵਾੜਾ ਜ਼ਿਲ੍ਹਾ ਲੁਧਿਆਣਾ ਦੇ ਯੁਵਕਾਂ ਲਈ ਆਉਣ ਵਾਲੀ ਆਰਮੀ ਦੀ ਅਗਨਵੀਰ ਭਰਤੀ ਸਬੰਧੀ ਲਿਖਤੀ ਪੇਪਰ ਦੀ ਤਿਆਰੀ ਲਈ ਸੀ-ਪਾਈਟ ਕੈਂਪ ਨਵਾਂਸ਼ਹਿਰ ਵਿਖੇ ਮਿਤੀ 16 ਜਨਵਰੀ 2025 ਤੋਂ ਕੈਂਪ ਸੁਰੂ ਹੋ ਰਿਹਾ ਹੈ। ਇਸ ਸਬੰਧੀ ਸੀ-ਪਾਈਟ ਨਵਾਂਸ਼ਹਿਰ ਵਿਖੇ



ਲਿਖਤੀ ਪੇਪਰ ਦੀ ਤਿਆਰੀ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਜ਼ਿਲ੍ਹਿਆਂ ਨਾਲ ਸਬੰਧਤ ਚਾਹਵਾਨ ਨੌਜਵਾਨ ਕਿਸੇ ਵੀ ਦਿਨ ਸਵੇਰੇ 9 ਵਜੇ ਤੋਂ ਬਾਅਦ ਜ਼ਰੂਰੀ ਦਸਤਾਵੇਜ਼ਾਂ ਦੀ ਅਸਲ ਅਤੇ ਫੋਟੋ ਕਾਪੀਆਂ ਲੈ ਕੇ ਸੀ-ਪਾਈਟ ਕੈਂਪ, ਮਾਰਫਤ ਨਹਿਰੀ ਵਿਸ਼ਰਾਮ ਘਰ, ਰਾਹੋਂ ਰੋਡ, ਨਵਾਂਸ਼ਹਿਰ ਵਿਖੇ ਹਾਜ਼ਰ ਹੋ ਸਕਦੇ ਹਨ। ਉਨ੍ਹਾਂ ਦੱਸਿਆ ਕਿ ਫ਼ੌਜ ਦੀ ਭਰਤੀ ਵਾਸਤੇ ਉਮਰ 17 ਤੋਂ 21 ਸਾਲ ਅਤੇ ਘੱਟੋ-ਘੱਟ ਦਸਵੀਂ ਵਿਚ 45 ਫੀਸਦੀ ਅੰਕ ਅਤੇ ਕੱਦ 170 ਸੈਂਟੀਮੀਟਰ ਤੇ ਛਾਤੀ 77/82 ਸੈਂਟੀਮੀਟਰ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਐਸ। ਐਸ। ਸੀ (ਜੀ। ਡੀ) ਦੀਆਂ ਪੋਸਟਾਂ ਸਬੰਧੀ ਅਤੇ ਪੈਰਾਮਿਲਟਰੀ ਫੋਰਸ ਦੀ ਭਰਤੀ ਲਈ ਵੀ ਕੈਂਪ ਵਿਖੇ ਫਿਜ਼ੀਕਲ ਅਤੇ ਲਿਖਤੀ ਪੇਪਰ ਦੀ ਤਿਆਰੀ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕੈਂਪ ਵਿਚ ਸਿਖਲਾਈ ਦੌਰਾਨ ਨੌਜਵਾਨਾਂ ਨੂੰ ਰਿਹਾਇਸ਼ ਅਤੇ ਖਾਣਾ ਬਿਲਕੁਲ ਮੁਫ਼ਤ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਮੋਬਾਈਲ ਨੰ: 90415-58978 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅੱਖਾਂ ਦਾ ਮੁਫਤ ਚੈੱਕਅਪ ਅਤੇ ਅਪਰੇਸ਼ਨ ਕੈਂਪ ਲਗਾਇਆ ਗਿਆ





**ਭੀਖੀ ( ਕਮਲ ਜਿੰਦਲ)** ਸਰਸਵਤੀ ਸੀਨੀਅਰ ਸੈਕੈਂਡਰੀ ਸਕੂਲ ਭੀਖੀ ਵਿਖੇ ਮੁਫਤ ਅੱਖਾਂ ਦਾ ਚੈੱਕਅਪ ਅਤੇ ਆਪਰੇਸ਼ਨ ਕੈਂਪ ਲਗਾਇਆ ਗਿਆ ਇਹ ਕੈਂਪ ਸ਼ੰਕਰਾ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ ਸਕੂਲ ਵਿੱਚ ਲਗਾਇਆ ਗਿਆ। ਇਸ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਗੁਰੂ ਪ੍ਰਤਾਪ ਸਿੰਘ ਸੋਢੀ ਨੇ ਕਿਹਾ ਕਿ ਇਸ ਕੈਂਪ ਦੌਰਾਨ ਸਾਰੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਅਤੇ ਮੁਫਤ ਆਪਰੇਸ਼ਨ ਕੀਤੇ ਗਏ ਮਰੀਜ਼ਾਂ ਨੂੰ □ਪਰੇਸ਼ਨ ਲਈ ਲੁਧਿਆਣੇ ਲੈ ਕੇ ਜਾਣ ਅਤੇ ਖਾਣ ਪੀਣ ਦਾ ਪ੍ਰਬੰਧ ਵੀ ਸਕੂਲ ਵੱਲੋਂ ਮੁਫਤ ਵਿੱਚ ਕੀਤਾ ਗਿਆ। ਇਸ ਕੈਂਪ ਦੌਰਾਨ 180 ਦੇ ਲਗਭਗ ਮਰੀਜ਼ਾਂ ਦਾ ਚੈੱਕ ਅਪ ਕੀਤਾ ਗਿਆ ਅਤੇ 35 ਦੇ ਕਰੀਬ ਮਰੀਜ਼ਾਂ ਨੂੰ ਆਪਰੇਸ਼ਨ ਲਈ ਲਜਾਇਆ ਗਿਆ ਇਸ ਕੈਂਪ ਦੌਰਾਨ ਮੁੱਖ ਮਹਿਮਾਨ ਸੁਖਦੇਵ ਸਿੰਘ ਆਮ ਆਦਮੀ ਪਾਰਟੀ ਆਗੂ, ਮਾਸਟਰ ਵਰਿੰਦਰ ਸੋਨੀ ਆਮ ਆਦਮੀ ਪਾਰਟੀ ਆਗੂ, ਪੱਪੀ ਸਿੰਘ ਸੀਨੀਅਰ ਵਾਈਸ ਪ੍ਰਧਾਨ ਨਗਰ ਪੰਚਾਇਤ,ਗੋਰਾ ਸ਼ਰਮਾ ਵਾਇਸ ਪ੍ਰਧਾਨ ਨਗਰ ਪੰਚਾਇਤ,ਮਨਪ੍ਰੀਤ ਸਿੰਘ, ਕਲਵੰਤ ਸਿੰਘ, ਰਜਿੰਦਰ ਜਾਫਰੀ, ਡਿੰਪਲ ਫਰਮਾਹੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਜਿਨਾਂ ਦਾ ਇਸ ਕੈਂਪ ਵਿੱਚ ਪਹੁੰਚਣ ਤੇ ਸਕੂਲ ਦੇ ਚੇਅਰਮੈਨ ਸਿਰੇ ਸਿੰਗਲਾ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਸੇਫ ਸਕੂਲ ਵਾਹਨ ਟਾਸਕ ਫੋਰਸ ਨੇ ਸਕੂਲ ਬੱਸਾਂ ਦੀ ਕੀਤੀ ਚੈਕਿੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂਸ਼ਗੜਾ)** ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਸਕੂਲ ਦੇ ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਸਕੂਲ ਮੁਖੀ ਵੱਲੋਂ ਬੱਸਾਂ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ। ਇਸ ਸਬੰਧੀ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਪੰਜਾਬ ਰਾਜ ਬਾਲ ਸੁਰੱਖਿਆ ਕਮਿਸ਼ਨ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਦੇ ਹੁਕਮਾਂ 'ਤੇ ਸੇਫ਼ ਸਕੂਲ ਵਾਹਨ ਸਕੀਮ ਤਹਿਤ ਬਣੀ ਟਾਸਕ ਫੋਰਸ ਵੱਲੋਂ ਸਕੂਲ ਬੱਸਾਂ ਦੀ ਚੈਕਿੰਗ ਕੀਤੀ ਗਈ।

ਟਾਸਕ ਫੋਰਸ ਨੇ ਸੇਂਟ ਜੋਸਫ ਕਾਨਵੈਂਟ ਸਕੂਲ, ਰਾਮ ਕਲੋਨੀ ਕੈਂਪ ਅਤੇ ਅਕਾਦਮਿਕ ਹਾਈਟਸ ਪਬਲਿਕ ਸਕੂਲ ਚਗਰਾਂ ਵਿਖੇ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ। ਚੈਕਿੰਗ ਦੌਰਾਨ ਫਸਟ ਏਡ ਕਿੱਟਾਂ, ਲੇਡੀ ਅਟੈਂਡੈਂਟ, ਪਾਸਿੰਗ, ਸਪੀਡ ਗਵਰਨਰ, ਬੱਸਾਂ ਵਿੱਚ ਐਮਰਜੈਂਸੀ ਨਿਕਾਸ, ਅੱਗ ਬੁਝਾਊ ਯੰਤਰ, ਸੀ।ਸੀ।ਟੀ।ਵੀ ਕੈਮਰੇ, ਬੱਸ ਵਿੱਚ ਬੈਠਣ ਦੀ ਸਮਰੱਥਾ



ਆਦਿ ਪੁਆਇੰਟਾਂ ਦੀ ਜਾਂਚ ਕੀਤੀ ਗਈ। ਜਿਨ੍ਹਾਂ ਬੱਸਾਂ ਵਿੱਚ ਕਮੀਆਂ ਪਾਈਆਂ ਗਈਆਂ ਉਨ੍ਹਾਂ ਦੇ ਮੌਕੇ 'ਤੇ ਹੀ ਚਲਾਨ ਕੱਟੇ ਗਏ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ, ਖੇਤਰੀ ਟਰਾਂਸਪੋਰਟ ਅਥਾਰਟੀ ਤੋਂ ਤਰਲੋਕ ਸਿੰਘ, ਸਿੱਖਿਆ ਵਿਭਾਗ ਤੋਂ ਅਭਿਸ਼ੇਕ, ਪੁਲਿਸ ਵਿਭਾਗ ਤੋਂ ਕੁਲਵੰਤ ਸਿੰਘ ਅਤੇ ਕਾਨੂੰਨੀ ਅਫ਼ਸਰ ਸੁਖਜਿੰਦਰ ਸਿੰਘ ਮੌਜੂਦ ਸਨ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨੇ ਦੱਸਿਆ ਕਿ ਸੇਫ਼ ਸਕੂਲ ਵਾਹਨ ਪਾਲਿਸੀ ਅਨੁਸਾਰ ਸ਼ਰਤਾਂ ਪੂਰੀਆਂ ਨਾ ਕਰਨ ਵਾਲੀਆਂ ਬੱਸਾਂ ਨਾਲ ਅਕਸਰ ਕੋਈ ਨਾ ਕੋਈ ਹਾਦਸਾ ਵਾਪਰਨ ਦਾ ਖਤਰਾ ਬਣਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਸੇਫ਼ ਸਕੂਲ ਵਾਹਨ ਟਾਸਕ ਫੋਰਸ ਵੱਲੋਂ ਜ਼ਿਲ੍ਹੇ ਵਿੱਚ ਇਹ ਮੁਹਿੰਮ ਲਗਾਤਾਰ ਚਲਾਈ ਜਾਵੇਗੀ। ਟਾਸਕ ਫੋਰਸ ਨੇ ਸਾਰੇ ਸਕੂਲਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਾਰੇ ਡਰਾਈਵਰਾਂ ਦਾ ਸਮੇਂ ਸਿਰ ਮੈਡੀਕਲ ਚੈਕਅੱਪ ਕਰਵਾਉਣ ਅਤੇ ਇਹ ਯਕੀਨੀ ਬਣਾਉਣ ਕਿ ਬੱਸਾਂ ਦੇ ਡਰਾਈਵਰ ਅਤੇ ਅਟੈਂਡੈਂਟ ਵਰਦੀ ਵਿੱਚ ਹੋਣ। ਉਨ੍ਹਾਂ ਕਿਹਾ ਕਿ ਬੱਸਾਂ ਵਿੱਚ ਸਫ਼ਰ ਕਰਨ ਵਾਲੇ ਛੋਟੇ ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖਣ ਦੀ ਲੋੜ ਹੈ। ਬੱਸਾਂ ਵਿੱਚ ਚੜ੍ਹਨ ਅਤੇ ਉਤਰਨ ਸਮੇਂ ਉਨ੍ਹਾਂ ਨੂੰ ਸਹੀ ਢੰਗ ਨਾਲ ਸੜਕ ਪਾਰ ਕਰਨ ਦਾ ਪ੍ਰਬੰਧ ਕੀਤਾ ਜਾਵੇ ਅਤੇ ਸਕੂਲੀ ਬੱਸਾਂ ਵਿੱਚ ਪਾਈਆਂ ਗਈਆਂ ਕਮੀਆਂ ਨੂੰ ਤੁਰੰਤ ਠੀਕ ਕੀਤਾ ਜਾਵੇ।

# ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਨੂੰ ਵਰਧਮਾਨ ਏ ਐਂਡ ਈ ਗਰੁੱਪ ਨੇ ਦਿੱਤੇ 10 ਕੰਪਿਊਟਰ ਸੈੱਟ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਕੋਮਲ ਮਿੱਤਲ ਦੀ ਅਗਵਾਈ ਅਤੇ ਰਹਿਨੁਮਾਈ ਹੇਠ ਚੱਲ ਰਹੀ ਰੈਡ ਕਰਾਸ ਸੁਸਾਇਟੀ ਨੂੰ ਵਰਧਮਾਨ ਏ। ਐਂਡ ਈ। ਗਰੁੱਪ ਨੇ ਆਪਣੀ ਸੀਐਸਆਰ ਜ਼ਿੰਮੇਵਾਰੀ ਤਹਿਤ ਰੈਡ ਕਰਾਸ ਸਕੂਲ ਆਫ਼ ਵੋਕੇਸ਼ਨਲ ਨਰਸਿੰਗ ਨੂੰ ਟਾਈਪ ਅਤੇ ਸ਼ਾਰਟਹੈਂਡ ਕੋਰਸ ਕਰ ਰਹੇ ਵਿਦਿਆਰਥੀਆਂ ਲਈ 10 ਕੰਪਿਊਟਰ ਸੈੱਟ ਉਪਲਬੱਧ ਕਰਵਾਏ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਵਰਧਮਾਨ ਗਰੁੱਪ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਹੁਣ ਤੱਕ ਇਸ ਸੈਂਟਰ ਰਾਹੀਂ 250 ਤੋਂ ਵੱਧ ਵਿਦਿਆਰਥੀ ਸਿਖਲਾਈ ਪ੍ਰਾਪਤ ਕਰ ਚੁੱਕੇ ਹਨ, ਜਿਨ੍ਹਾਂ ਵਿੱਚੋਂ ਕਈ ਵਿਦਿਆਰਥੀ ਦੀ ਸਫ਼ਲ ਪਲੇਸਮੈਂਟ ਵੀ ਕਰਵਾਈ ਗਈ ਹੈ।

ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਵਰਧਮਾਨ ਏ ਐਂਡ ਈ ਗਰੁੱਪ ਵਲੋਂ ਆਪਣੀ ਸੀ।ਐੱਸ।ਆਰ ਪਹਿਲਕਦਮੀ ਤਹਿਤ ਰੈੱਡ ਕਰਾਸ ਕੰਪਲੈਕਸ ਵਿੱਚ ਸਥਿਤ ਰੈੱਡ ਕਰਾਸ ਸਕੂਲ ਆਫ਼



ਵੋਕੇਸ਼ਨਲ ਲਰਨਿੰਗ ਨਵੀਨੀਕਰਨ ਕੀਤਾ ਗਿਆ ਹੈ। ਇਸ ਪਹਿਲਕਦਮੀ ਤਹਿਤ ਕੰਪਿਊਟਰ ਸਿਖਲਾਈ ਕੇਂਦਰ, ਸਬਿਊਟੀ ਐਂਡ ਵੈਲਨੇਸ ਟਰੇਨਿੰਗ ਸੈਂਟਰ, ਟਾਈਪ ਅਤੇ ਸ਼ਾਰਟਹੈਂਡ ਸੈਂਟਰ ਅਤੇ ਪ੍ਰੋਫੈਸ਼ਨਲ ਅਕਾਊਂਟੈਂਸੀ ਕੋਰਸ ਨੂੰ ਆਧੁਨਿਕ ਉਪਕਰਨਾਂ ਨਾਲ ਲੈਸ ਕੀਤਾ ਗਿਆ ਹੈ। ਇਸ ਦਾ ਉਦੇਸ਼ ਵਿਦਿਆਰਥੀਆਂ ਨੂੰ ਤਕਨੀਕੀ ਅਤੇ ਵਿਹਾਰਕ ਗਿਆਨ ਪ੍ਰਦਾਨ ਕਰਨਾ ਹੈ। ਇਸ ਤੋਂ ਇਲਾਵਾ, ਵਰਧਮਾਨ ਗਰੁੱਪ ਸਮੇਂ-ਸਮੇਂ 'ਤੇ ਸਰੀਰਕ ਤੌਰ 'ਤੇ ਅਪਾਹਜ ਵਿਅਕਤੀਆਂ ਨੂੰ ਮੋਟਰ ਅਤੇ ਗੈਰ-ਮੋਟਰਾਈਜ਼ਡ ਟਰਾਈਸਾਈਕਲ ਵੀ ਪ੍ਰਦਾਨ ਕਰਦਾ ਹੈ।

ਇਸ ਮੌਕੇ ਵਰਧਮਾਨ ਗਰੁੱਪ ਦੇ ਡਾਇਰੈਕਟਰ ਵਿੱਤ ਅਤੇ ਪ੍ਰਸ਼ਾਸਨ ਤਰੁਣ ਚਾਵਲਾ, ਮੁੱਖ ਸੁਰੱਖਿਆ ਮੁਖੀ ਪ੍ਰਦੀਪ ਡਡਵਾਲ ਅਤੇ ਰੈੱਡ ਕਰਾਸ ਦੇ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

# ਗਣਤੰਤਰ ਦਿਵਸ - ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਲਹਿਰਾਉਣਗੇ ਤਿਰੰਗਾ

## ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਤੋਂ ਲਿਆ ਤਿਆਰੀਆਂ ਤੇ ਪ੍ਰਬੰਧਾਂ ਦਾ ਜਾਇਜ਼ਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਥਾਨਕ ਪੁਲਿਸ ਲਾਈਨ ਵਿਖੇ 26 ਜਨਵਰੀ ਨੂੰ ਮਨਾਏ ਜਾਣ ਵਾਲੇ 76ਵੇਂ ਗਣਤੰਤਰਤਾ ਦਿਵਸ ਮੌਕੇ ਪੰਜਾਬ ਦੇ ਸਕੂਲ ਸਿੱਖਿਆ, ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ ਅਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਕੌਮੀ ਝੰਡਾ ਲਹਿਰਾਉਣਗੇ। ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਅੱਜ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਸਮਾਗਮ ਦੇ ਪ੍ਰਬੰਧਾਂ ਅਤੇ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਸਮੁਚੇ ਇੰਤਜ਼ਾਮ ਨਿਰਧਾਰਤ ਸਮੇਂ ਵਿਚ ਮੁਕੰਮਲ ਕਰਨ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਸਕੂਲੀ ਵਿਦਿਆਰਥੀਆਂ ਅਤੇ ਹੋਰਨਾਂ ਵਿਭਾਗਾਂ ਦੇ ਮੁਲਾਜ਼ਮਾਂ ਵਲੋਂ ਰਿਹਰਸਲ ਸ਼ੁਰੂ ਕਰ ਦਿੱਤੀ ਗਈ ਹੈ ਜਿਸ ਲਈ ਹਰ ਪੱਖੋਂ ਪੁਖਤਾ ਪ੍ਰਬੰਧ



ਕੀਤੇ ਜਾਣ। ਉਨ੍ਹਾਂ ਕਿਹਾ ਕਿ ਫੁੱਲ ਡਰੈਸ ਰਿਹਰਸਲ 24 ਜਨਵਰੀ ਨੂੰ ਹੋਵੇਗੀ। ਉਨ੍ਹਾਂ ਕਿਹਾ ਕਿ ਸ਼ਹਿਰ ਅੰਦਰ ਅਤੇ ਪੁਲਿਸ ਲਾਈਨ ਵਿਖੇ ਸਾਫ਼-ਸਫ਼ਾਈ ਅਤੇ ਢੁਕਵੀਂ ਸੁੰਦਰਤਾ ਤੇ ਸਜਾਵਟ ਨੂੰ ਵੀ ਤਵੱਜੋਂ ਦਿੰਦਿਆਂ ਠੰਡ ਦੇ ਮੌਸਮ ਨੂੰ ਧਿਆਨ 'ਚ ਰੱਖਦਿਆਂ ਰਿਹਰਸਲ ਦੌਰਾਨ ਸਕੂਲੀ ਵਿਦਿਆਰਥੀਆਂ ਲਈ ਵੀ ਲੋੜੀਂਦੇ ਇੰਤਜਾਮਾਂ 'ਚ ਕੋਈ ਕਮੀ ਨਹੀਂ ਰਹਿਣੀ ਚਾਹੀਦੀ। ਡਿਪਟੀ ਕਮਿਸ਼ਨਰ ਨੇ ਪੁਲਿਸ ਅਧਿਕਾਰੀਆਂ ਨੂੰ ਸੁਰੱਖਿਆ ਪ੍ਰਬੰਧਾਂ, ਨਗਰ ਨਿਗਮ ਅਤੇ ਹੋਰ ਵਿਭਾਗਾਂ ਨੂੰ ਉਨ੍ਹਾਂ ਦੀਆਂ ਡਿਊਟੀਆਂ ਸਬੰਧੀ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਪਰੇਡ ਵਿਚ ਪੰਜਾਬ ਪੁਲਿਸ, ਐੱਨ.ਸੀ.ਸੀ., ਪੀ।ਆਰ।ਟੀ।ਸੀ।, ਸਿਹਤ ਵਿਭਾਗ, ਸਿੱਖਿਆ ਵਿਭਾਗ, ਨਗਰ ਨਿਗਮ, ਖੇਤੀਬਾੜੀ ਵਿਭਾਗ, ਮਾਰਕਫੈਡ ਆਦਿ ਦੀਆਂ ਝਾਕੀਆਂ ਸ਼ਾਮਲ ਹੋਣਗੀਆਂ ਅਤੇ ਸਕੂਲੀ ਵਿਦਿਆਰਥੀਆਂ ਵਲੋਂ ਦੇਸ਼ ਭਗਤੀ 'ਤੇ ਆਧਾਰਤ ਵੱਖ-ਵੱਖ ਵੰਨਗੀਆਂ ਦੀ ਪੇਸ਼ਕਾਰੀ ਕੀਤੀ ਜਾਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ, ਐਸ।ਡੀ।ਐਮ। ਸੰਜੀਵ ਸ਼ਰਮਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਸਾਂਝਾ ਅਧਿਆਪਕ ਮੋਰਚਾ ਪੰਜਾਬ ਨਾਲ ਸਿੱਖਿਆ ਮੰਤਰੀ ਵਲੋਂ ਮੀਟਿੰਗ ਨਾ ਕਰਨ 'ਤੇ 19 ਜਨਵਰੀ ਨੂੰ ਆਨੰਦਪੁਰ ਸਾਹਿਬ ਵਿਖੇ ਹੋਵੇਗਾ ਰੋਸ ਰੈਲੀ ਅਤੇ ਰੋਸ ਮਾਰਚ

**● ਸਿੱਖਿਆ ਮੰਤਰੀ ਦੇ ਸਿੱਖਿਆ ਪ੍ਰਤੀ ਗੈਰ ਸੰਜੀਦਾ ਹੋਣ ਦੀ ਨਿਖੇਧੀ ● ਤਨਖਾਹ ਕਟੌਤੀ, ਮਿਡਲ ਅਤੇ ਘੱਟ ਗਿਣਤੀ ਬੱਚਿਆਂ ਵਾਲੇ ਸਕੂਲ ਬੰਦ ਕਰਨ ਦੇ ਫੈਸਲੇ ਦਾ ਵਿਰੋਧ ● ਤਰੱਕੀਆਂ ਅਤੇ ਨਿਯੁਕਤੀਆਂ ਵਿੱਚ ਸਾਰੇ ਸਕੂਲਾਂ ਦੀਆਂ ਖਾਲੀ ਪੋਸਟਾਂ ਦਿਖਾਉਣ ਦੀ ਮੰਗ**



ਫਿਲੌਰ/ਅੱਪਰਾ (ਦੀਪਾ)- ਸਾਂਝਾ ਅਧਿਆਪਕ ਮੋਰਚਾ ਪੰਜਾਬ ਅਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਨਾਲ ਸਿੱਖਿਆ ਮੰਤਰੀ ਵਲੋਂ ਲਿਖਤੀ ਪੱਤਰ ਰਾਹੀਂ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਘਰ ਅੱਗੇ ਕੀਤੇ ਰੋਸ ਪ੍ਰਦਰਸ਼ਨ ਦੇ ਸਿੱਟੇ ਵਜੋਂ ਦਿੱਤੇ ਸੱਦੇ 'ਤੇ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਨਾ ਕਰਕੇ ਸਿੱਖਿਆ ਮੰਤਰੀ ਨੇ ਸਿੱਖਿਆ ਪ੍ਰਤੀ ਗੈਰ ਸੰਜੀਦਗੀ ਦਾ ਪ੍ਰਗਟਾਵਾ ਕੀਤਾ ਹੈ। ਇਸ ਸਮੇਂ ਸੁਖਵਿੰਦਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ ਸਾਂਝੀ ਮੀਟਿੰਗ ਵਿੱਚ ਸਿੱਖਿਆ ਮੰਤਰੀ ਵਲੋਂ ਮੀਟਿੰਗ ਨਾ ਕਰਨ ਦੀ ਪੁਰਜੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਮੀਟਿੰਗ ਵਿੱਚ ਦਿਗਵਿਜੇਪਾਲ ਸ਼ਰਮਾ, ਬਾਜ ਸਿੰਘ ਖਹਿਰਾ, ਬਲਜੀਤ ਸਿੰਘ ਸਲਾਣਾ, ਸੁਰਿੰਦਰ ਕੰਬੋਜ, ਸੁਰਿੰਦਰ ਕੁਮਾਰ ਪੁਆਰੀ, ਸੁਖਜਿੰਦਰ ਸਿੰਘ ਹਰੀਕਾ, ਸੁਖਵਿੰਦਰ ਸਿੰਘ ਸੁੱਖੀ, ਗੁਰਬਿੰਦਰ ਸਿੰਘ ਸਸਕੌਰ, ਰਾਜਿੰਦਰ ਸਿੰਘ, ਗੁਰਮੀਤ ਸਿੰਘ ਝੋਰੜਾ, ਸੁਖਵਿੰਦਰ ਸਿੰਘ, ਮਨਪ੍ਰੀਤ ਸਿੰਘ, ਤਿਰਲੋਚਨ ਸਿੰਘ, ਜਗਦੀਸ਼ ਰਾਏ ਆਦਿ ਹਾਜ਼ਰ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੁਲਦੀਪ ਸਿੰਘ ਦੌੜਕਾ ਨੇ ਦੱਸਿਆ ਕਿ ਅਧਿਆਪਕਾਂ ਦੇ ਚਿਰਾਂ ਤੋਂ ਲਟਕਦੇ ਮਸਲੇ ਹੱਲ ਨਾ ਕਰਨ ਅਤੇ ਜਨਤਕ ਸਿੱਖਿਆ ਨੂੰ ਤਬਾਹੀ ਵੱਲ ਧੱਕਣ ਲਈ ਮੌਜੂਦਾ ਸਰਕਾਰ ਜਿੰਮੇਵਾਰ ਹੈ, ਜੋ ਸਰਕਾਰੀ ਸਕੂਲਾਂ ਨੂੰ ਬੰਦ ਕਰਕੇ ਪ੍ਰਾਈਵੇਟ ਸਿੱਖਿਆ ਮਾਫੀਆ ਨੂੰ ਫਾਇਦਾ ਪਹੁੰਚਾਉਣਾ ਚਾਹੁੰਦੀ ਹੈ।

ਆਗੂਆਂ ਨੇ ਮੰਗਾਂ ਦਾ ਜਿਕਰ ਕਰਦਿਆਂ ਕਿਹਾ ਕਿ ਪੀ। ਟੀ। ਆਈਜ਼ / ਆਰਟ ਐਂਡ ਕਰਾਫਟ ਟੀਚਰਜ਼ ਦੀ ਤਨਖਾਹ ਕਟੌਤੀ ਦਾ ਪੱਤਰ ਵਾਪਸ ਲੈਣ, ਲੈਕਚਰਾਰਾਂ ਅਤੇ ਮਾਸਟਰ ਕੇਡਰ ਦੀਆਂ ਤਰੱਕੀਆਂ ਵਿੱਚ ਸਾਰੀਆਂ ਖਾਲੀ ਪੋਸਟਾਂ ਦਿਖਾ ਕੇ ਦੁਬਾਰਾ ਸਟੇਸ਼ਨ ਚੋਣ ਕਰਵਾਉਣ, ਕੰਪਿਊਟਰ ਅਧਿਆਪਕਾਂ ਨੂੰ ਪਿਕਟਸ ਸੁਸਾਇਟੀ ਦੀ ਬਜਾਏ ਸਿੱਖਿਆ ਵਿਭਾਗ ਵਿੱਚ ਸ਼ਿਫਟ ਕਰਨ ਸਮੇਤ ਤਨਖਾਹ ਦੁਹਰਾਈ ਅਤੇ ਮਹਿੰਗਾਈ ਭੱਤੇ ਦੇ ਪੱਤਰ ਲਾਗੂ ਕਰਨ, 2018 ਦੇ ਅਧਿਆਪਕ ਵਿਰੋਧੀ ਨਿਯਮ ਰੱਦ ਕਰਨ,, ਸਿੱਖਿਆ ਨੀਤੀ 2020 ਰੱਦ ਕਰਕੇ ਪੰਜਾਬ ਦੀ ਸਿੱਖਿਆ ਨੀਤੀ ਬਣਾਉਣ, 16 ਫਰਵਰੀ 2024 ਦੀ ਕੌਮੀ ਹੜਤਾਲ ਵਿੱਚ ਭਾਗ ਲੈਣ ਵਾਲੇ ਅਧਿਆਪਕਾਂ ਦੀ ਤਨਖਾਹ ਕਟੌਤੀ ਦਾ ਪੱਤਰ ਵਾਪਸ ਲੈਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਐਸ ਐਲ ਏ ਦੀ ਪੋਸਟ ਦਾ ਨਾਂ ਬਦਲਣ, ਪ੍ਰਾਇਮਰੀ ਸਕੂਲਾਂ ਵਿੱਚ ਜਮਾਤਵਾਰ ਅਤੇ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵਿਸ਼ਾਵਾਰ ਅਧਿਆਪਕਾਂ ਦੀ ਨਿਯੁਕਤੀ ਕਰਨ, ਦਫਤਰੀ ਕਾਮਿਆਂ ਸਮੇਤ ਹਰ ਤਰ੍ਹਾਂ ਦੇ ਰਹਿੰਦੇ ਕੱਚੇ ਅਧਿਆਪਕ ਪੂਰੇ ਗ੍ਰੇਡ 'ਤੇ ਪੱਕੇ ਕਰਨ, ਮੈਰੀਟੋਰੀਅਸ ਅਤੇ ਆਦਰਸ਼ ਸਕੂਲਾਂ ਦੇ ਸਟਾਫ ਨੂੰ ਸਿੱਖਿਆ ਵਿਭਾਗ ਵਿਚ ਪੱਕੇ ਕਰਨ, ਮਿਡਲ ਸਕੂਲਾਂ ਦੀ ਮਰਜਿੰਗ ਰੱਦ ਕਰਨ, ਹਰ ਵਰਗ ਦੀਆਂ ਰਹਿੰਦੀਆਂ ਤਰੱਕੀਆਂ ਕਰਨ, 873 ਡੀਪੀਈ ਭਰਤੀ ਵਿੱਚੋਂ ਰਹਿੰਦੇ ਉਮੀਦਵਾਰਾਂ ਨੂੰ ਜਲਦ ਆਰਡਰ ਦੇਣ, ਸੀ ਈ ਪੀ ਤਹਿਤ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਿੱਖਿਆ ਤੋਂ ਹਟਾ ਕੇ ਫਰਜ਼ੀ ਰਿਕਾਰਡ ਬਣਵਾਉਣਾ ਬੰਦ ਕਰਨ, ਹਰ ਤਰ੍ਹਾਂ ਦੇ ਗੈਰ ਵਿਦਿਅਕ ਕੰਮ ਅਧਿਆਪਕਾਂ ਤੋਂ ਲੈਣੇ ਬੰਦ ਕਰਨ, ਉਚੇਰੀ ਗ੍ਰੇਡ ਪੇਅ ਬਹਾਲ ਰੱਖਦਿਆਂ ਜਨਵਰੀ 2016 ਤੋਂ 125% ਮਹਿੰਗਾਈ ਭੱਤੇ 'ਤੇ ਤਨਖਾਹ ਦੁਹਰਾਈ ਕਰਨ, ਤਨਖਾਹ ਕਮਿਸ਼ਨ ਦੀ ਰਹਿੰਦੀ ਰਿਪੋਰਟ ਜਾਰੀ ਕਰਨ ਅਤੇ ਤਰੁਟੀਆਂ ਦੂਰ ਕਰਨ, ਸੋਧ ਦੇ ਨਾਂ ਤੇ ਬੰਦ ਕੀਤੇ ਪੇਂਡੂ ਭੱਤੇ ਸਮੇਤ ਸਮੁੱਚੇ ਭੱਤੇ ਬਹਾਲ ਕਰਨ, ਤਨਖਾਹ ਦੁਹਰਾਈ ਅਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਕਾਏ ਤੁਰੰਤ ਜਾਰੀ ਕਰਨ ਸਮੇਤ ਅਧਿਆਪਕਾਂ ਦੇ ਸਮੁੱਚੇ ਮਸਲੇ ਹੱਲ ਕਰਨ ਦੀ ਮੰਗ ਕੀਤੀ। ਉਨ੍ਹਾਂ ਪੰਜਾਬ ਦੇ ਅਧਿਆਪਕਾਂ ਅਤੇ ਅਧਿਆਪਕ ਜਥੇਬੰਦੀਆਂ ਨੂੰ 19 ਜਨਵਰੀ ਨੂੰ ਸਿੱਖਿਆ ਮੰਤਰੀ ਦੇ ਹਲਕੇ ਆਨੰਦਪੁਰ ਸਾਹਿਬ ਵਿਖੇ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਵਿੱਚ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

# ਲੇਖਕ ਪਾਠਕ ਸਾਹਿਤ ਸਭਾ ਨੇ ਉਲੀਕੀ ਸਾਲ 2025 ਦੇ ਸਮਾਗਮਾਂ ਦੀ ਰੂਪ ਰੇਖਾ



**ਬਰਨਾਲਾ (ਚੰਡਿਹੋਕ)** ਲੇਖਕ ਪਾਠਕ ਸਾਹਿਤ ਸਭਾ ਰਜਿ। ਬਰਨਾਲਾ ਦੀ ਕਾਰਜਕਾਰਨੀ ਦੀ ਬੀਤੇ ਦਿਨੀਂ ਪਲੇਠੀ ਮੀਟਿੰਗ ਸਭਾ ਦੇ ਸੰਸਥਾਪਕ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਦੇ ਗ੍ਰਹਿ ਵਿਖੇ ਹੋਈ ਜਿਸ ਵਿਚ ਸਾਲ 2025 ਦੌਰਾਨ ਕਰਵਾਏ ਜਾਣ ਵਾਲੇ ਸਮਾਗਮਾਂ ਦੀ ਰੂਪ ਰੇਖਾ ਤਿਆਰ ਕੀਤੀ ਗਈ ਅਤੇ ਕਾਰਜਕਾਰਨੀ ਦੇ ਮੈਂਬਰਾਂ ਨੇ ਕਈ ਮੁੱਦਿਆਂ ਤੇ ਵਿਚਾਰ ਚਰਚਾ ਕੀਤੀ। ਪ੍ਰੈਸ ਸਕੱਤਰ ਮਨਦੀਪ ਕੁਮਾਰ ਨੇ ਦੱਸਿਆ ਕਿ ਇਸ ਸਾਲ 2025 ਵਿਚ ਮੁੱਖ ਤਿੰਨ ਸਮਾਗਮ ਕਰਨ ਦੀ ਤਜਵੀਜ਼ ਹੈ। ਮੀਟਿੰਗ ਵਿੱਚ ਤਹਿ ਕੀਤਾ ਗਿਆ ਹੈ ਕਿ ਸਨਮਾਨਤ ਸਮਾਗਮਾਂ ਵਿੱਚ ਹੁਣ ਹਰ ਸਾਲ ਇਕ ਲੇਖਕ ਅਤੇ ਇਕ ਪਾਠਕ ਦਾ ਸਨਮਾਨ ਕੀਤਾ ਜਾਇਆ ਕਰੇਗਾ। ਯਾਦ ਰਹੇ ਪਹਿਲਾਂ ਇਹ ਸਨਮਾਨ ਇਕ ਸਾਲ ਲੇਖਕ ਅਤੇ ਇਕ ਸਾਲ ਪਾਠਕ ਦਾ ਸਨਮਾਨ ਕੀਤਾ ਜਾਂਦਾ ਰਿਹਾ ਹੈ। ਜਿਸ ਵਿਚ ਸਨਮਾਨ ਪੱਤਰ , ਲੋਈ ਜਾਂ ਫੁਲਕਾਰੀ, ਨਗਦ ਰਾਸ਼ੀ ਅਤੇ ਪੁਸਤਕਾਂ ਦਾ ਸੈੱਟ ਦਿੱਤਾ ਜਾਂਦਾ ਹੈ। ਪੁਸਤਕ ਲੋਕ ਅਰਪਣ ਵੀ ਕਰਨ ਦੀ ਵਿਵਸਥਾ ਹੈ।

ਚੰਡਿਹੋਕ ਪਰਵਾਰ ਵਲੋਂ ਮਾਤਾ ਪਿਤਾ ਦੀ ਯਾਦ ਵਿੱਚ ਸਰਦਾਰੀ ਮਨਜੀਤ ਕੌਰ ਅਤੇ ਸਰਦਾਰ ਤਰਲੋਚਨ ਸਿੰਘ ਯਾਦਗਾਰੀ ਸਨਮਾਨ 27 ਅਪ੍ਰੈਲ ਨੂੰ ਲੇਖਕ ਨੂੰ ਅਤੇ ਪਤਨੀ ਦੀ ਯਾਦ ਵਿੱਚ 26 ਅਕਤੂਬਰ ਨੂੰ ਸਰਦਾਰਨੀ ਹਰਦੀਪ ਕੌਰ ਯਾਦਗਾਰੀ ਸਨਮਾਨ ਪਾਠਕ ਨੂੰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ 6 ਜੁਲਾਈ ਨੂੰ ਕਵੀ ਦਰਬਾਰ ਕਰਵਾਇਆ ਜਾਵੇਗਾ।

ਇਸ ਮੌਕੇ ਡਾਕਟਰ ਅਮਨਦੀਪ ਸਿੰਘ ਟੱਲੇਵਾਲੀਆ, ਚਤਿੰਦਰ ਰੁਪਾਲ, ਜੈਸਮੀਨ ਕੌਰ, ਮਨਦੀਪ ਕੁਮਾਰ, ਸਿਮਰਜੀਤ ਕੌਰ ਬਰਾੜ ਅਤੇ ਪਾਲ ਸਿੰਘ ਲਹਿਰੀ ਹਾਜਰ ਸਨ।

# ਸੰਤ ਕ੍ਰਿਸ਼ਨ ਨਾਥ ਜੀ ਚਹੇੜੂ ਵਾਲਿਆਂ ਪਾਸੋਂ ਬਸਪਾ ਨੂੰ ਚੜ੍ਹਦੀ ਕਲਾ ਵੱਲ ਲਿਜਾਉਣ ਲਈ ਅਵਤਾਰ ਸਿੰਘ ਕਰੀਮਪੁਰੀ ਜੀ ਆਏ






**ਫਗਵਾੜਾ (ਚਰਨਜੀਤ ਸੱਲ੍ਹਾ)**"ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਗੁਰੂ ਘਰ ਵਿੱਚ ਕੌਮੀ ਸੰਤ ਕ੍ਰਿਸ਼ਨ ਨਾਥ ਜੀ ਚਹੇੜੂ ਵਾਲਿਆਂ ਨਾਲ ਵਾਦਾ ਕੀਤਾ ਕਿ ਜਦੋਂ ਵੀ ਚਾਮ ਤੇ ਈਮਾਨ ਵਾਰਨ ਦਾ ਸਮਾਂ ਆਏਗਾ, ਅਸੀ ਚਾਮ ਵਾਰ ਕੇ ਸਾਹਿਬ ਕਾਂਸ਼ੀ ਰਾਮ ਜੀ ਦੇ ਅੰਦੋਲਨ ਦਾ ਈਮਾਨ ਜਰੂਰ ਬਚਾਵੇਗੇਂ " ਅੱਜ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਨੂੰ ਕੌਮੀ ਸੰਤ ਕ੍ਰਿਸ਼ਨ ਨਾਥ ਜੀ ਚਹੇੜੂ ਵਾਲਿਆਂ ਨਾਲ ਵਿਚਾਰ-ਵਟਾਂਦਰਾ ਕਰਦੇ ਹੋਏ ਜਰੂਰ ਕਰਦੇ ਹੋਏ ਇਸ ਮੌਕੇ ਤੇ ਲੇਖ ਰਾਜ ਜਮਾਲਪੁਰੀ, ਅਸ਼ੋਕ ਸੰਧੂ ਬਸਪਾ ਦੇ ਸੀਨੀਅਰ ਆਗੂ, ਐਸ਼ ਐਸ਼ ਆਜ਼ਾਦ ਮਿਸ਼ਨਰੀ ਗਾਇਕ, ਮਿਸ਼ਨਰੀ ਗਾਇਕ ਵਿੱਕੀ ਬਹਾਦਰ ਕੇ, ਮਿਸ਼ਨਰੀ ਗਾਇਕਾਂ ਪ੍ਰੇਮ ਲੱਤਾਂ ਅਤੇ ਬਹੁਤ ਸਾਰੇ ਬਸਪਾ ਦੇ ਵੱਡੇ ਛੋਟੇ ਆਗੂ, ਵਰਕਰ ਮੌਜੂਦ ਸਨ। ਜੈ ਭੀਮ ਜੈ ਭਾਰਤ ਜੈ ਕਾਂਸ਼ੀ ਰਾਮ ਜੈ ਸੰਵਿਧਾਨ ਜੈ ਬਸਪਾ

# ਮਾਂ ਦੀ ਬੋਲੀ
## ਗੀਤ

ਪੰਜਾਬੀਏ ਜ਼ੁਬਾਨੇ ਨੀ ਸੋਹਣੀਏ ਰਕਾਨੇ
ਗੁਰੂਆਂ ਰਚੀ ਤੇ ਸਾਜ਼ ਦਿੱਤਾ ਮਰਦਾਨੇ।

ਪੈਂਤੀ ਅੱਖਰਾਂ ਨੇ ਬੋਲੀ ਤੇਰੀ ਨੂੰ ਸਜਾਇਆ
ਮਾਤਰਾਵਾਂ ਸੰਗ ਰੂਪ ਤੇਰਾ ਨਿਖਰ ਆਇਆ।

ਸ਼ਬਦ ਕੋਸ਼ ਹੈ ਤੇਰਾ ਬਾਹਲਾ ਅਨਮੋਲ
ਨਵੇ ਅੱਖਰਾਂ ਦਾ ਨਾ ਕੋਈ ਲਗਦਾ ਮੋਲ॥

ਮਾਂ ਤੇਰੀ ਮਾਂ ਬੋਲੀ ਲਈ ਤੈਨੂੰ ਕਰਦੀ ਪੁਕਾਰ
ਵੇ ਮੇਰਿਆਂ ਜਾਇਆ ਕਰ ਸੀਨਾ ਠੰਡਾ ਠਾਰ।

ਮਾਂ ਬੋਲੀ ਵਿੱਚ ਸਾਹਿਤ ਹੈ ਵਿਦਵਾਨਾਂ ਰਚਿਆ
ਬੋਲੀ ਬੋਲਣ ਤੇ ਕਿਉ ਸੀਨਾ ਤੇਰਾ ਮਚਿਆ।

ਕਰ ਮੇਰਾ ਇਤਬਾਰ ਤੇ ਮਾਂ ਦੀ ਬੋਲੀ ਨਾ ਵਿਸਾਰ
ਬੋਲੀ ਲੜ ਲੱਗ ਵੇ ਪੁੱਤਰਾਂ ਤੇ ਸਿਰਜ ਕਿਰਦਾਰ॥



**ਸੁਰਿੰਦਰਪਾਲ ਸਿੰਘ**
**ਐਮ.ਐਸ.ਸੀ (ਗਣਿਤ)**
**ਐਮ.ਏ (ਅੰਗ੍ਰੇਜੀ )**
**ਐਮ.ਏ (ਪੰਜਾਬੀ)**
**ਐਮ. ਏ( ਧਾਰਮਿਕ ਸਿੱਖਿਆ)**
**ਕਿੱਤਾ ਅਧਿਆਪਨ।**
**ਸ੍ਰੀ ਅੰਮ੍ਰਿਤਸਰ ਸਾਹਿਬ।**

# ਕਰਜ ਨਹੀ ਚੁਕਾ ਸਕਦਾ

ਜਨਮ ਦੇਣ ਵਾਲੇ ਮਾਪਿਆਂ ਦਾ
ਮੈਂ ਕਦੇ ਕਰਜ ਨਹੀਂ ਚੁਕਾ ਸਕਦਾ।
ਮੈਨੂੰ ਗਿਆਨ ਦੇਣ ਵਾਲੇ ਗੁਰੂ ਜਨਾਂ ਦਾ
ਮੈਂ ਕਦੇ ਕਰਜ ਨਹੀਂ ਚੁਕਾ ਸਕਦਾ।
ਮੇਰੀ ਜ਼ਿੰਦਗੀ ਸਵਾਰਨ ਵਾਲਿਆਂ ਦਾ
ਮੈਂ ਕਦੇ ਕਰਜ ਨਹੀਂ ਚੁਕਾ ਸਕਦਾ।
ਮੁਸੀਬਤ ਵਿੱਚ ਮਦਦ ਕਰਨ ਵਾਲਿਆਂ ਦਾ
ਮੈਂ ਕਦੇ ਕਰਜ ਨਹੀਂ ਚੁਕਾ ਸਕਦਾ।
ਠੋਕਰ ਲੱਗਣ ਤੇ ਚੁੱਕਣ ਵਾਲਿਆਂ ਦਾ
ਮੈਂ ਕਦੇ ਕਰਜ਼ ਨਹੀਂ ਚੁਕਾ ਸਕਦਾ।
ਠੀਕ ਰਾਹ ਦਿਖਾਉਣ ਵਾਲਿਆਂ ਦਾ
ਮੈਂ ਕਦੇ ਕਰਜ ਨਹੀਂ ਚੁਕਣ ਸਕਦਾ।
ਸਭ ਹਾਂ ਮੇਰਾ ਮਾਣ ਵਧਾਉਣ ਵਾਲਿਆਂ ਦਾ
ਮੈਂ ਕਦੇ ਕਰਜ ਨਹੀਂ ਚੁਕਾ ਸਕਦਾ।
ਹਮੇਸ਼ਾ ਦੋਸਤੀ ਨਿਭਾਉਣ ਵਾਲਿਆਂ ਦਾ
ਮੈਂ ਕਦੇ ਕਰਜ਼ ਨਹੀਂ ਚੁਕਾ ਸਕਦਾ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35 90 45**
**ਰੋਹਤਕ 12 40 01**

# ਇੱਕ ਗੱਲ ਸੁਣੋਂ ਵੇ ਪੰਛੀਓ



ਮੈਂ ਔਰਤ ਜੱਗ ਦੀ ਜਣਨੀ ਹਾਂ ,
ਨਵਾਂ ਜਹਾਨ ਵਸਾ ਸਕਦੀ ਹਾਂ ।
ਅੰਬਰ ਦੇ ਵਿੱਚ ਉਡਦੇ ਪੰਛੀ ,
ਧਰਤੀ 'ਤੇ ਪਟਕਾ ਸਕਦੀ ਹਾਂ ।
ਹੁਣ ਤੱਕ ਸਨ ਮੌਕੇ ਘੱਟ ਮਿਲੇ ,
ਹੁਣ ਧਰਤੀ ਅੰਬਰ ਮੇਲ਼ ਦੇਊਂ ;
ਮੈਂ ਥੋੜੇ ਤੋਂ ਵੀ ਉੱਚੀ ਉਡਾਰੀ ,
ਬਿਨ ਖੰਭਾਂ 'ਤੋਂ ਲਾ ਸਕਦੀ ਹਾਂ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।**
**9914836037**

# ਕੱਟੜਵਾਦੀ ਮੁਰਦਾਬਾਦ

ਕੱਟੜਵਾਦ ਦੀ ਭੇਟ ਚੜ੍ਹੇ।
ਨਫਰਤ ਦੇ ਹੜ੍ਹ ਵਿੱਚ ਹੜ੍ਹੇ।

ਗੁਜਰਾਤ, ਗੋਧਰਾ, ਦਿੱਲੀ, ਮਨੀਪੁਰ,
ਸ਼ਾਮਲੀ ਜਾਂ ਕਸ਼ਮੀਰ ਬੜੇ।

ਜਿੱਥੇ ਮਜ੍ਹਬੀ ਅੱਗਾਂ ਦੇ ਵਿੱਚ,
ਬੇਦੋਸ਼ੇ, ਮਜ਼ਲੂਮ ਸੜੇ।

ਆਪਸੀ ਸਾਂਝਾਂ, ਭਾਈਚਾਰੇ,
ਮੁੜ ਕੇ ਲੀਹ 'ਤੇ ਨਹੀਂ ਚੜ੍ਹੇ।

ਇਤਿਹਾਸ ਗਵਾਹ ਹੈ ਕਦੇ ਇੱਦਾਂ ਤਾਂ,
ਪਸ਼ੂ ਤੱਕ ਵੀ ਨਹੀਂ ਲੜੇ।

ਗਰਭ ਦੇ ਵਿਚਲੇ ਤੇ ਦੁੱਧ ਚੁੰਘਦੇ,
ਬਾਲ ਤੱਕ ਵੀ ਨਹੀਂ ਜਰੇ।

ਰੋਮੀ ਪਿੰਡ ਘੜਾਮੇਂ ਵਾਲ਼ਾ,
ਤੱਥਾਂ ਨਾਲ਼ ਬਿਆਨ ਕਰੇ।

ਸੱਪਾਂ ਵਿੱਚ ਵੀ ਨਹੀਂ ਮਿਲ ਸਕਦੇ,
ਜੋ ਕੱਟੜਾਂ ਵਿੱਚ ਜ਼ਹਿਰ ਭਰੇ।



**ਰੋਮੀ ਘੜਾਮਾਂ**
**9855281105**

# ਮਰਦ ਅਗੰਮੜਾ

ਪ੍ਰਗਟਿਓ ਮਰਦ ਅਗੰਮੜਾ,
ਵਰਿਆਮ ਅਕੇਲਾ ਵਾਹ ! ਵਾਹ!!
ਗੋਬਿੰਦ ਸਿੰਘ ਆਪੇ ਗੁਰ ਚੇਲਾ।
ਕਲਮ ਤੇ ਤੇਗ ਦੇ ਧਨੀ ਗੁਰੂ ਗੋਬਿੰਦ ਸਿੰਘ ਜੀ
ਸੂਫੀਆਂ ਤੇ ਕਵੀਆਂ ਦੇ ਬਹੁਤ ਸੀ ਕਦਰਦਾਨ।
52 ਕਵੀਆਂ ਤੋਂ ਇਲਾਵਾ ਹੋਰ ਵੀ,
ਬਹੁਤ ਪਹੁੰਚੇ ਗੁਰੂ ਕੀ ਕਾਸ਼ੀ,
ਦਮਦਮਾ ਸਾਹਿਬ ਪਹੁੰਚ, ਗੁਰੂ ਸਾਹਿਬ ਤੋਂ,
ਪਾਉਂਦੇ ਸੀ ਮਾਣ, ਕੀ ਹਿੰਦੂ ਕੀ ਮੁਸਲਮਾਨ।
ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ,
ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ,
ਸ਼ਾਂਤਮਈ ਇਨਕਲਾਬ ਦੇ ਮੁਦਈ।
ਜ਼ੁਲਮਾਂ ਖਿਲਾਫ ਲੜਦਿਆਂ ਸਾਰੀ ਜ਼ਿੰਦਗੀ,
ਕੰਡਿਆਂ ਦੀ ਸੇਜ ਤੇ ਲੰਘਾਈ।
ਦਸ਼ਮੇਸ਼ ਪਿਤਾ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ,
ਥਾਂ ਥਾਂ ਨਗਰ ਕੀਰਤਨ,ਦਰਬਾਰ ਜਾਂਦਾ ਸਜਾਇਆ।
ਮਨੁੱਖਤਾ ਦੇ ਰਹਿਬਰ ਗੁਰੂ ਗੋਬਿੰਦ ਸਿੰਘ ਜੀ,
ਜ਼ਰਾ ਜ਼ਰਾ, ਉਹਨਾਂ ਦੀ ਸੋਚ ਨੂੰ ਪਰਨਾਇਆ।
ਸ਼ਖਸ਼ੀਅਤ ਉਨਾਂ ਦੀ, ਬਣੀ ਮਾਨਵਤਾ ਲਈ ਚਾਨਣ-ਮੁਨਾਰਾ,
ਜ਼ੁਲਮ ਦੇ ਖਾਤਮੇ ਲਈ, ਸਰਬੰਸ ਕੀਤਾ ਕੁਰਬਾਨ।
ਮਨੁੱਖੀ ਕਦਰਾਂ-ਕੀਮਤਾਂ ਦੀ ਮਜਬੂਤੀ ਲਈ,
ਕ੍ਰਾਂਤੀਕਾਰੀ ਸ਼ਖਸ਼ੀਅਤ ਨੇ ਦਿੱਤੀ ਆਪਣੀ ਜਾਨ।
ਖਾਲਸਾ ਪੰਥ ਸਾਜ ਕੇ ਪੰਜ ਪਿਆਰਿਆਂ ਨੂੰ,
ਵੱਖ-ਵੱਖ ਜਾਤੀਆਂ ਦੇ ਲੋਕ ਚੁਣ ਕੇ ਕਰਵਾਇਆ ਅੰਮ੍ਰਿਤਪਾਨ।
ਗੁਰੂਜੀ ਨੇ ਆਪਣੇ ਚੇਲਿਆਂ ਨੂੰ, ਉੱਚ ਦਾ ਦਰਜਾ ਦੇ ਕੇ,
ਅੰਮ੍ਰਿਤ ਛਕ ਉਹਨਾਂ ਕੋਲੋਂ, ਕੌਮ ਨੂੰ ਬਣਾਇਆ ਮਹਾਨ।
ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ ਕੌਸ਼ਲਤਾ ਦਾ ਪੈਂਦਾ ਝਲਕਾਰਾ,
1705ਈ।ਨੂੰ ਖਿਦਰਾਣੇ ਦੀ ਢਾਬ ਤੇ ਹੋਈ ਫੈਸਲਾਕੁਨ ਜੰਗ।
ਮੁੱਠੀ-ਭਰ ਸਿੰਘਾਂ ! ਮੁਗਲਾਂ'ਤੇ ਪਹਾੜੀ ਸ਼ਾਸਕਾਂ ਦੇ ਲਾਮ ਲਸ਼ਕਰਾਂ ਨੂੰ,
ਹਰਾ ਕੇ ਕੀਤਾ ਦੁਨੀਆਂ ਨੂੰ ਦੰਗ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂ ਜਿਲਾ ਪਟਿਆਲਾ ਹਾਲ-ਆਬਾਦ**
**# 639/40ਏ ਚੰਡੀਗੜ੍ਹ। ਫੋਨ ਨੰਬਰ : 987469639**

# ਆਦਿ ਧਰਮ ਦਾ ਮੋਢੀ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ



ਆਦਿ ਧਰਮ ਦਾ ਮੁੱਢ ਬੰਨ੍ਹ ਗਿਆ ਮੰਗੂ ਰਾਮ ਦਲੇਰ
ਓਹ ਸੀ ਬੱਬਰ ਸ਼ੇਰ ਕੌਮ ਦਾ , ਓਹ ਸੀ ਬੱਬਰ ਸ਼ੇਰ
ਪੰਜਾ ਲਾ ਕੇ ਜ਼ਾਲਮ ਨੂੰ ਸੀ ਮਿੱਟੀ ਦੇ ਵਿਚ ਰੋਲ੍ਹ ਗਿਆ
ਵੱਡੇ ਵੱਡੇ ਧਾਕੜ ਮੂਹਰੇ ਲਾ , ਹੱਕਾਂ ਲਈ ਬੋਲ ਗਿਆ
ਮਨੂੰਵਾਦ ਦੇ ਥੰਮ ਉਚੇਰੇ , ਪਲਾਂ 'ਚ ਕਰ ਗਿਆ ਢੇਰ
ਆਦਿ ਧਰਮ ਦਾ ਮੁੱਢ .......
ਡਰਿਆ ਨਾ ਹੀ ਡੋਲਿਆ ਬਾਬਾ
ਮਿਸ਼ਨ ਦਾ ਬੀੜਾ ਚੁੱਕਿਆ ਸੀ
ਗਿੱਦੜਾਂ ਵਾਲੀ ਡਾਰ ਤੇ ਬਣਕੇ
ਬੱਬਰ ਸ਼ੇਰ ਓਹ ਬੁੱਕਿਆ ਸੀ
ਹੱਥ ਵਿਚ ਫੜਕੇ ਅਣਖ ਮਸ਼ਾਲਾਂ ਚੁੱਕਤਾ ਕੂੜ ਹਨ੍ਹੇਰ
ਆਦਿ ਧਰਮ ਦਾ ਮੁੱਢ .....
ਤੀਲਾ ਤੀਲਾ ਜੋੜਕੇ ਆਦਿ
ਧਰਮ ਦਾ ਮਹਿਲ ਬਣਾਇਆ ਸੀ
ਜੈ ਗੁਰਦੇਵ ਦਾ ਨਾਹਰਾ ਦੇ ਕੇ
ਧਰਮ ਦਾ ਬਿਗਲ ਵਜਾਇਆ ਸੀ
ਕੌਮ ਤਰੱਕੀ ਦੇ ਰਾਹ ਪਾਕੇ , ਦੇ ਗਿਆ ਸੁੱਖ ਸਵੇਰ
ਆਦਿ ਧਰਮ ਦਾ ਮੁੱਢ .....
ਜੂਨ ਮਹੀਨੇ ਸਨ ਛੱਬੀ ਵਿਚ , ਝੰਡਾ ਚੁੱਕ ਕੇ ਤੁਰਿਆ
'ਚੁੰਬਰਾ' ਐਸਾ ਪਾਇਆ ਚਾਲਾ ਫਿਰ ਨਾ ਪਿੱਛੇ ਮੁੜਿਆ
ਚੌਹ ਕੂੰਟਾਂ ਵਿਚ ਮਿਸ਼ਨ ਦੀ ਸੁਰਮੇ ਦਿੱਤੀ ਮਹਿਕ ਖਿਲੇਰ
ਆਦਿ ਧਰਮ ਦਾ ਮੁੱਢ ......

**ਵਲੋਂ – ਕੁਲਦੀਪ ਚੁੰਬਰ ਕਨੇਡਾ**

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੂਰਬ ਤੇ ਗਾਇਕ ਅਤੇ ਗੀਤਕਾਰ ਮੂਰਤੀ ਸੁਰੀਲਾ ਅਤੇ ਅਮਰੀਕ ਮਾਇਕਲ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਜਗਤ ਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੂਰਬ ਸਮੇਂ ਤੇ ਬਹੁਤ ਹੀ ਖ਼ੂਬਸੂਰਤ ਧਾਰਮਿਕ ਟਰੈਕ ਸਭ ਸੰਗਤਾਂ ਦੀ ਝੋਲੀ ਵਿਚ ਪਾਉਣਗੇ ਗਾਇਕ ਅਤੇ ਗੀਤਕਾਰ ਮੂਰਤੀ ਸੁਰੀਲਾ। ਧਾਰਮਿਕ ਟਰੈਕ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸ਼ਬਦ ਦੇ ਨਿਰਦੇਸ਼ਕ ਅਮਰੀਕ ਮਾਇਕਲ ਨੇ ਦਸਿਆ ਕਿ ਬਹੁਤ ਖ਼ੂਬਸੂਰਤ ਇਹ ਸ਼ਬਦ ਸਾਂਝੀ ਵਾਰਤਾ ਨੂੰ ਸੰਦੇਸ਼ ਦੇਣ ਲਈ ਰਿਲੀਜ਼ ਕਰਾਂਗੇ। ਇਹ ਟਰੈਕ ਅਨੁਰਾਗ ਪ੍ਰੋਡਕਸ਼ਨ ਦੇ ਯੂਟਿਊਬ ਚੈਨਲ ਤੇ ਰਿਲੀਜ਼ ਕੀਤਾ ਜਾਏਗਾ ਅਤੇ ਹੋਰ ਅਲਗ ਅਲਗ ਸ਼ੋਸ਼ਲ ਮੀਡੀਆ ਸਾਈਟਾਂ ਤੇ ਦੇਖਣ ਤੇ ਸੁਣਨ ਨੂੰ ਮਿਲੇਗਾ। ਇਸ ਟਰੈਕ ਨੂੰ ਗਾਇਆ ਅਤੇ ਲਿਖਿਆ ਮੂਰਤੀ ਸੁਰੀਲਾ ਨੇ । ਮੁੱਢਲੀ ਗਾਇਕੀ ਦੀ ਸਿੱਖਿਆ ਲਈ ਉਸਤਾਦ ਜਨਾਬ ਸ਼੍ਰੋਮਣੀ ਗਾਇਕ ਸੁਰਿੰਦਰ ਸ਼ਿੰਦਾ ਜੀ ਤੋਂ ਇਹ ਸ਼ਬਦ ਡਬ ਕੀਤਾ ਗਿਆ ਸੁਪਰ ਸੋਨਿਕ ਸਟੂਡੀਓ ਵਿਖੇ ਜਤਿੰਦਰ ਸਿੰਘ ਜੀ ਵਲੋਂ ਅਤੇ ਸੰਗੀਤ ਤਿਆਰ ਕੀਤਾ ਹਰਿ ਅਮਿਤ ਵਲੋਂ। ਮਿਕਸ ਮਾਸਟਰਿੰਗ ਕੀਤੀ ਗਈ ਸਾਹਿਲ ਚੌਹਾਨ ਅਤੇ ਰਵੀ ਚੌਹਾਨ ਵਲੋਂ। ਕੈਮਰਾ ਚਲਾਇਆ ਗਿਆ ਮਨੀਸ਼ ਅੰਗੁਰਾਲ ਵਲੋਂ ਅਤੇ ਐਡਿਟ ਕੀਤਾ ਗਿਆ ਮੋਹਿਤ ਵਰਮਾ ਵਲੋ। ਸ਼ਬਦ ਦਾ ਪੋਸਟਰ ਤਿਆਰ ਕੀਤਾ ਗਿਆ ਜੱਸੀ ਆਰਟਸ ਵਲੋਂ। ਇਹ ਧਾਰਮਿਕ ਸਬਦ ਦੇ ਨਿਰਮਾਤਾ ਪੂਜਾ ਸੱਭਰਵਾਲ ਹਨ। ਸਭ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ ਅਨੁਰਾਗ ਪ੍ਰੋਡਕਸ਼ਨ ਮਿਊਜ਼ਿਕ ਕੰਪਨੀ ਦੇ ਸਾਰੇ ਮੈਬਰਾਂ ਵਲੋਂ।




# ਧੂਮਧਾਮ ਨਾਲ ਮਨਾਇਆ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਲੋਹੜੀ ਦਾ ਤਿਉਹਾਰ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)**

ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਸਮੂਹ ਸਟਾਫ਼ ਦੇ ਸਹਿਯੋਗ ਨਾਲ ਪ੍ਰਿੰਸੀਪਲ ਡਾ। ਤਰਸੇਮ ਸਿੰਘ ਭਿੰਡਰ ਦੀ ਰਹਿਨੁਮਾਈ ਹੇਠ ਲੋਹੜੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੇ ਆਗਾਜ਼ ਮੌਕੇ ਪ੍ਰਿੰਸੀਪਲ ਸਾਹਿਬ, ਸਟਾਫ਼ ਤੇ ਵਿਦਿਆਰਥੀਆਂ ਨੇ ਤਿਲਚੌਲੀ ਪਾ ਕੇ ਲੋਹੜੀ ਦੀ ਅਗਨੀ ਨੂੰ ਪ੍ਰਚੰਡ ਕੀਤਾ ਤੇ ਈਸ਼ਰ ਆਏ ਦਿਲੱ-ਦਰ ਜਾਏ ਦੀ ਕਾਮਨਾ ਕੀਤੀ। ਇਸ ਮੌਕੇ ਪ੍ਰਿੰ। ਡਾ। ਤਰਸੇਮ ਸਿੰਘ ਭਿੰਡਰ ਨੇ ਲੋਹੜੀ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਧੀਆਂ-ਪੁੱਤਾਂ ਦੇ ਵਖਰੇਵੇਂ ਨੂੰ ਤਿਆਗਦਿਆਂ ਦੋਵਾਂ ਦੇ ਜਨਮ ਦੀ ਖ਼ੁਸ਼ੀ ਮਨਾਉਣ ਦੀ ਅਜੋਕੇ ਸਮਾਜ ਵਿੱਚ ਕ੍ਰਾਂਤੀ ਆਈ ਹੈ ਜਿਸ ਵਿੱਚ ਪੜ੍ਹੇ-ਲਿਖੇ ਵਰਗ ਦਾ ਵੱਡਾ ਯੋਗਦਾਨ ਹੈ ਤੇ ਇਸ ਨੇ ਪੰਜਾਬੀਆਂ ਦਾ ਸਿਰ ਮਾਣ ਨਾਲ ਹੋਰ ਉੱਚਾ ਕੀਤਾ ਹੈ। ਉਨ੍ਹਾਂ ਇਸ ਮੌਕੇ ਲੋਹੜੀ ਦੇ ਪਿਛੋਕੜ ਬਾਰੇ ਵੀ ਚਰਚਾ ਕੀਤੀ ਤੇ ਦੱਸਿਆ ਕਿ ਲੋਹੜੀ ਦਾ ਤਿਉਹਾਰ ਹਾੜੀ ਦੀ ਫ਼ਸਲ ਦੀ ਪ੍ਰਫੁੱਲਤਾ ਦੀ ਕਾਮਨਾ, ਇੱਜ਼ਤਾਂ ਦੇ ਰਾਖੇ ਲੋਕ ਨਾਇਕ ਦੁੱਲਾ ਭੱਟੀ ਵੱਲੋਂ ਗ਼ਰੀਬ ਤੇ ਲੋੜਵੰਦ ਧੀਆਂ ਦੇ ਕਾਰਜ ਰਚਾਉਣ ਆਦਿ ਨਾਲ ਵੀ ਸੰਬੰਧਿਤ ਹੈ।

# ਰਾਣਾ ਟਾਇਲ ਫੈਕਟਰੀ ਤੇ ਨੋਜਵਾਨ ਐਨ ਆਰ ਆਈ ਕਲੱਬ ਵਲੋਂ ਸਕੂਲ ਦੇ ਬੱਚਿਆਂ ਨੂੰ ਵਰਦੀਆ ਦਾਨ

**ਕਪੂਰਥਲਾ, (ਕੌੜਾ)-** ਸਰਕਾਰੀ ਐਲੀਮੈਂਟਰੀ ਸਕੂਲ ਭਗਤਪੁਰ ਦੇ 24 ਵਿਦਿਆਰਥੀਆਂ ਨੂੰ ਰਾਣਾ ਟਾਇਲ ਫੈਕਟਰੀ ਤੇ ਨੋਜਵਾਨ ਐਨ ਆਰ ਆਈ ਕਲੱਬ ਵਲੋਂ ਸਕੂਲ ਦੇ ਬੱਚਿਆਂ ਲਈ ਵਰਦੀਆ ਦਾਨ ਕੀਤੀਆਂ ਗਈਆਂ। ਇਸ ਦੌਰਾਨ ਇੱਕ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਸਕੂਲ ਮੁੱਖੀ ਲਖਵਿੰਦਰ ਸਿੰਘ ਟਿੱਬਾ ਦੀ ਦੇਖਰੇਖ ਹੇਠ ਆਯੋਜਿਤ ਕੀਤਾ ਗਿਆ । ਇਸ ਦੌਰਾਨ ਵਿਦਿਆਰਥੀਆਂ ਨੂੰ ਵਰਦੀਆਂ ਭੇਂਟ ਕਰਨ ਉਪਰੰਤ ਰਣਜੀਤ ਸਿੰਘ ਰਾਣਾ ਨੇ ਕਿਹਾ ਕਿ ਜ਼ਰੂਰਤਮੰਦਾਂ ਦੀ ਮਦਦ ਹਮੇਸ਼ਾ ਹੀ ਫੈਕਟਰੀ ਤੇ ਐਨ ਆਰ ਆਈ ਕਲੱਬ ਵੱਲੋਂ ਕੀਤੀ ਜਾਂਦੀ ਹੈ। ਇਸੇ ਕੜੀ ਤਹਿਤ ਸਰਕਾਰੀ ਐਲੀਮੈਂਟਰੀ ਸਕੂਲ ਭਗਤਪੁਰ ਦੇ



**ਵਿਦਿਆਰਥੀਆਂ ਨੂੰ ਵਰਦੀਆਂ ਭੇਂਟ ਕਰਨ ਉਪਰੰਤ ਰਣਜੀਤ ਸਿੰਘ ਰਾਣਾ , ਗੁਰਮੀਤ ਸਿੰਘ ਤੇ ਸਕੂਲ ਮੁੱਖੀ ਲਖਵਿੰਦਰ ਸਿੰਘ ਟਿੱਬਾ ਤੇ ਹੋਰ**

ਲਗਭਗ 24 ਵਿਦਿਆਰਥੀਆਂ ਨੂੰ ਵਰਦੀਆਂ ਮਹੁੱਈਆ ਕਰਵਾਈਆਂ ਗਈਆਂ ਹਨ। ਉਹਨਾਂ ਕਿਹਾ ਕਿ ਭਵਿੱਖ ਵਿੱਚ ਵੀ ਸਕੂਲ ਦੇ ਜਰੂਰਤਮੰਦ ਵਿਦਿਆਰਥੀਆਂ ਲਈ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਦੌਰਾਨ ਸਕੂਲ ਮੁੱਖੀ ਲਖਵਿੰਦਰ ਸਿੰਘ ਟਿੱਬਾ ਨੇ ਰਣਜੀਤ ਸਿੰਘ ਰਾਣਾ , ਗੁਰਮੀਤ ਸਿੰਘ ਤੇ ਹੋਰ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਤੇ ਪ੍ਰਧਾਨ ਗੁਰਮੀਤ ਸਿੰਘ ਬਾਵਾ ,ਰਣਜੀਤ ਸਿੰਘ ਰਾਣਾ ,ਜਗਰੂਪ ਸਿੰਘ, ਰੋਬਨ ਸਿੰਘ, ਜਗਦੀਪ ਸਿੰਘ, ਮਨਿੰਦਰਜੀਤ ਸਿੰਘ, ਅਮ੍ਰਿਤਪਾਲ ਸਿੰਘ, ਅਧਿਆਪਕ ਰਮਨਦੀਪ ਕੌਰ, ਐਸ ਐਮ ਸੀ ਚੇਅਰਮੈਨ ਰੂਬੀ ਤੇ ਹੋਰ ਐਸ ਐਮ ਸੀ ਮੈਂਬਰ ਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਨਾਮਵਰ ਲੇਖਿਕਾ ਲਾਡੀ ਭੁੱਲਰ ਨੂੰ 'ਧੀ ਪੰਜਾਬ ਦੀ' ਐਵਾਰਡ ਨਾਲ ਨਿਵਾਜਿਆ ਗਿਆ

**ਕਪੂਰਥਲਾ, (ਕੌੜਾ)-** ਨਾਮਵਰ ਲੇਖਿਕਾ ਲਾਡੀ ਭੁੱਲਰ ਨੂੰ ਉਹਨਾਂ ਦੀਆਂ ਕੀਤੀਆਂ ਪ੍ਰਾਪਤੀਆਂ ਨੂੰ 'ਧੀ ਪੰਜਾਬ ਦੀ' ਐਵਾਰਡ-2025' ਨਾਲ ਵਿਸ਼ੇਸ਼ ਤੌਰ ਤੇ ਨਿਵਾਜਿਆ ਗਿਆ। ਇਸ ਸਬੰਧੀ ਪਰਿਵਰਤਨ ਮਾਲਵਾ ਫਰੈਂਡਜ਼ ਸੁਸਾਇਟੀ (ਰਜ਼ਿ) ਵੱਲੋਂ ਧੂਰੀ ਵਿਖੇ ਸ਼ਾਨਦਾਰ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਬਾਲੀਵੁੱਡ ਅਤੇ ਹਾਲੀਵੁੱਡ ਦੀ ਨਾਮਵਰ ਅਦਾਕਾਰਾ ਗੁਰਪ੍ਰੀਤ ਭੰਗੂ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਗਈ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਨਾਮਵਰ ਲੇਖਿਕਾ ਲਾਡੀ ਸੁਖਜਿੰਦਰ ਕੌਰ ਭੁੱਲਰ ਵੱਲੋਂ ਪੰਜਾਬੀ ਸਾਹਿਤਕ ਦੀਆਂ ਤੇਰਾਂ ਲਘੂ ਫ਼ਿਲਮਾਂ ਦੀ ਲੇਖਕ, ਡਾਇਰੈਕਟਰ, ਪ੍ਰੋਡਿਊਸਰ ਅਤੇ ਅਦਾਕਾਰਾ ਦਾ ਰੋਲ ਅਦਾ ਕੀਤਾ ਅਤੇ 6 ਪੁਸਤਕਾਂ ਸਾਹਿਤ ਦੀ ਝੋਲੀ ਪਾਈਆਂ ਗਈਆਂ ਹਨ। ਉਹਨਾਂ ਦੱਸਿਆ ਕਿ ਲਾਡੀ ਭੁੱਲਰ ਦੀਆਂ ਰਚਨਾਵਾਂ ਅਕਸਰ ਵੱਖ ਵੱਖ ਮੈਗਜ਼ੀਨਾਂ , ਅਖਬਾਰਾਂ ਦਾ ਜਿੱਥੇ ਸ਼ਿੰਗਾਰ ਬਣਦੀਆਂ ਹਨ , ਉੱਥੇ ਉਨਾਂ ਦੀ ਕਲਮ ਦਾ ਸਨਮਾਨ ਵੀ ਅਨੇਕਾਂ ਸਾਹਿਤ ਸਭਾਵਾਂ , ਸਮਾਜਿਕ ਤੇ ਧਾਰਮਿਕ ਸੰਸਥਾਵਾਂ ਵੱਲੌ ਸਮੈਂ-ਸਮੇਂ ਤੇ ਕੀਤਾ ਜਾ ਚੁੱਕਾ ਹੈ ।ਉਹਨਾਂ ਦੱਸਿਆ ਕਿ ਲਾਡੀ ਭੁੱਲਰ ਨੂੰ




**ਕੌਮਾਂਤਰੀ ਧੀ ਦਿਵਸ ਮੌਕੇ ਬਾਲੀਵੁੱਡ ਅਤੇ ਹਾਲੀਵੁੱਡ ਦੀ ਨਾਮਵਰ ਅਦਾਕਾਰਾ ਗੁਰਪ੍ਰੀਤ ਭੰਗੂ ਤੇ ਪ੍ਰਬੰਧਕ ਨਾਮਵਰ ਲੇਖਕਾ ਲਾਡੀ ਭੁੱਲਰ ਦਾ ਸਨਮਾਨ ਕਰਦੇ ਹੋਏ**

ਆਪਣੀ ਹੀ ਕਲਮ ਤੋਂ ਲਿਖੀਆਂ ਸਮਾਜਿਕ ਵਿਸ਼ਿਆਂ 'ਤੇ ਬਣਾਈਆਂ ਫ਼ਿਲਮਾਂ 'ਤੇ ਵੀ ਮਾਣ ਸਨਮਾਨ ਮਿਲੇ ਹਨ। ਸਮਾਗਮ ਦੌਰਾਨ ਲੇਖਿਕਾ ਲਾਡੀ ਭੁੱਲਰ ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ ਤੇ ਟਰਾਫੀ, ਸਰਟੀਫਿਕੇਟ, ਲੋਈ, ਗਿਫ਼ਟ ਆਦਿ ਦੇ ਕੇ ਸਨਮਾਨ ਕੀਤਾ ਗਿਆ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਚੰਗ਼ਾ ਲਿਖਣ ਤੇ ਚੰਗਾ ਪਰੋਸਣ ਲਈ ਪ੍ਰੇਰਿਤ ਕੀਤਾ ਗਿਆ। ਮਾਨ ਸਨਮਾਨ ਪ੍ਰਾਪਤ ਕਰਨ ਤੇ ਉੱਘੀ ਲੇਖਕਾ ਲਾਡੀ ਭੁੱਲਰ ਨੇ ਸਮੂਹ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਅੱਗੇ ਤੋਂ ਹੋਰ ਵੀ ਵਧੀਆ ਲਿਖਣ ਅਤੇ ਸਮਾਜ ਨੂੰ ਚੰਗੀ ਸੇਧ ਦੇਣ ਲਈ ਚੰਗੀਆਂ ਫਿਲਮਾਂ ਕਰਨ ਦਾ ਪ੍ਰਣ ਲਿਆ। ਇਸ ਮੌਕੇ ਪ੍ਰਧਾਨ ਗੁਰ-ਦਰਸ਼ਨ ਸਿੰਘ ਢਿੱਲੋਂ ,ਜਸਵਿੰਦਰ ਸਿੰਘ, ਸੁਖਬੀਰ ਸਿੰਘ ਸੁੱਖੀ, ਸੁਖਜੀਤ ਸੂਹੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀਆਂ ਨੇ ਹਾਜ਼ਰੀ ਭਰੀ।

# ਤਨੋ ਮਨੋ ਗੁਰੂ ਸਾਹਿਬ ਨਾਲ ਜੁੜਨ ਦਾ ਸੱਦਾ ਦਿੰਦਾ ਹੈ ਮਾਘੀ ਦਾ ਤਿਉਹਾਰ – ਭਾਈ ਹਰਪਾਲ ਸਿੰਘ

**ਕੈਨੇਡਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਚਾਲੀ ਮੁਕਤਿਆਂ ਨਾਲ ਸਬੰਧਤ ਮਾਘੀ ਦਾ ਦਿਹਾੜਾ ਡਿਕਸੀ ਗੁਰੂ ਘਰ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਸਹਿਤ ਮਨਾਉਂਦਿਆਂ ਹੋਇਆਂ ਸਾਰਾ ਦਿਨ ਗੁਰਮਤਿ ਦੀਵਾਨ ਸਜਾਏ ਗਏ। ਸਵੇਰ ਦੇ ਸਮੇਂ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਤੋਂ ਉਪਰੰਤ ਸਜੇ ਹੋਏ ਦੀਵਾਨਾਂ ਵਿੱਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਨੇ ਇਕੱਤਰ ਹੋਈਆਂ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਕਿਹਾ ਕਿ ਜਿਸ ਤਰਾਂ ਸ਼ਹੀਦ ਭਾਈ ਮਹਾਂ ਸਿੰਘ ਅਤੇ ਦੂਜੇ ਸਿੰਘ ਸ਼ਹੀਦਾਂ ਨੇ ਗੁਰੂ ਸਾਹਿਬ ਤੋਂ ਭੁੱਲ ਬਖਸ਼ਾ ਕੇ ਸੱਚ ਅਤੇ ਅਣਖ ਲਈ ਆਪਣਾ ਬਲੀਦਾਨ ਦਿੱਤਾ ਅਤੇ ਗੁਰੂ ਸਾਹਿਬ ਨੇ ਓਹਨਾ ਸਿੰਘਾਂ ਦਾ ਲਿਖਿਆ ਬੇਦਾਵਾ ਪਾੜ ਕੇ ਆਪਣੇ ਚਰਨਾਂ ਵਿੱਚ ਥਾਂ ਦਿੱਤੀ ਇਸੇ ਤਰਾਂ ਸਾਨੂ ਵੀ ਹਮੇਸ਼ਾ ਗੁਰੂ ਸਾਹਿਬ ਦੇ ਸਨਮੁੱਖ ਰਹਿੰਦਿਆਂ ਗੁਰੂ ਸਾਹਿਬ



ਦੁਆਰਾ ਦਿੱਤੇ ਉਪਦੇਸ਼ ਉੱਤੇ ਚੱਲਦਿਆਂ ਅੰਮ੍ਰਿਤ ਛਕ ਕੇ ਸਿੰਘ ਸੱਜਣ ਅਤੇ ਸ਼ੁੱਭ ਕਰਮ ਕਮਾਉਣ ਦੀ ਸਖ਼ਤ ਲੋੜ ਹੈ ਤਾਂਕਿ ਅਸੀਂ ਵੀ ਆਪਣੇ ਜੀਵਨ ਵਿਚ ਮੁਕਤੀ ਪ੍ਰਾਪਤ ਕਰ ਸਕੀਏ ।ਨਾ.ਲ ਹੀ ਉਹਨਾਂ ਨੇ ਗੁਰਦੁਆਰਾ ਸਾਹਿਬ ਵਿਖੇ ਸੇਵਾਵਾਂ ਨਿਭਾ ਰਹੇ ਸਮੂਹ ਗ੍ਰੰਥੀ ਸਿੰਘਾਂ, ਜਥਿਆਂ ਅਤੇ ਦਫ਼ਤਰ ਦੇ ਸਟਾਫ ਦਾ ਧੰਨਵਾਦ ਵੀ ਕੀਤਾ ।ਇਸ ਮੌਕੇ ਗੁਰੂ ਘਰ ਵਿਖੇ ਪੰਥ ਪ੍ਰਸਿੱਧ ਅਤੇ ਸੁਰੀਲੇ ਕੀਰਤਨੀਏ ਭਾਈ ਮਨਜੋਤ ਸਿੰਘ ਅਤੇ ਭਾਈ ਅਨੂਪ ਸਿੰਘ ਜੀ ਦੇ ਕੀਰਤਨੀ ਜਥੇ ਵੱਲੋਂ ਰਸਭਿੰਨਾ ਕੀਰਤਨ ਸਰਵਣ ਕਰਵਾ ਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ ਗਿਆ ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਬਲਜੀਤ ਸਿੰਘ ਪੰਡੋਰੀ, ਮੀਤ ਪ੍ਰਧਾਨ ਗੁਰਿੰਦਰ ਸਿੰਘ ਭੁੱਲਰ,ਖਜ਼ਾਨਚੀ ਭੁਪਿੰਦਰ ਸਿੰਘ ਬਾਠ, ਜਨਰਲ ਸਕੱਤਰ ਪਰਮਜੀਤ ਸਿੰਘ ਗਿੱਲ, ਸਹਾਇਕ ਖਜ਼ਾਨਚੀ ਸਰਬਜੀਤ ਸਿੰਘ, ਡਾਇਰੈਕਟਰ ਸਰਦਾਰਾ ਸਿੰਘ, ਜਸਵਿੰਦਰ ਸਿੰਘ, ਮਨੋਹਰ ਸਿੰਘ ਖਹਿਰਾ, ਨਵਜੀਤ ਸਿੰਘ, ਹੈਂਡ ਗ੍ਰੰਥੀ ਭਾਈ ਭੁਪਿੰਦਰ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਜਲੰਧਰ ਦਿਹਾਤੀ ਪੁਲਿਸ ਵੱਲੋਂ ਅੰਤਰ-ਜ਼ਿਲ੍ਹਾ ਮੋਟਰਸਾਈਕਲ ਚੋਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼,ਦੋ ਗ੍ਰਿਫ਼ਤਾਰ, ਛੇ ਚੋਰੀ ਹੋਏ ਮੋਟਰਸਾਈਕਲ ਬਰਾਮਦ

**ਮਹਿਤਪੁਰ (ਪੱਤਰ ਪ੍ਰੇਰਕ)**- ਸੰਗਠਿਤ ਵਾਹਨ ਚੋਰੀ ਵਿਰੁੱਧ ਇੱਕ ਵੱਡੀ ਸਫਲਤਾ ਵਿੱਚ, ਜਲੰਧਰ ਦਿਹਾਤੀ ਪੁਲਿਸ ਨੇ ਇੱਕ ਅੰਤਰ-ਜ਼ਿਲ੍ਹਾ ਮੋਟਰਸਾਈਕਲ ਚੋਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ, ਜਿਸ ਵਿੱਚ ਦੋ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਛੇ ਚੋਰੀ ਹੋਏ ਮੋਟਰਸਾਈਕਲ ਬਰਾਮਦ ਕੀਤੇ ਗਏ ਹਨ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸੰਦੀਪ ਸਿੰਘ ਉਰਫ਼ ਸੋਨੀ ਅਤੇ ਤਰਜਿੰਦਰ ਸਿੰਘ ਉਰਫ਼ ਕਾਕਾ ਵਜੋਂ ਹੋਈ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ, ਸੀਨੀਅਰ ਪੁਲਿਸ ਸੁਪਰਡੈਂਟ, ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਇਹ ਕਾਰਵਾਈ ਰਾਏਪੁਰ ਅਰਾਈਆਂ ਦੇ ਵਸਨੀਕ ਸੁਰਜੀਤ ਸਿੰਘ ਵੱਲੋਂ 7 ਜਨਵਰੀ, 2025 ਨੂੰ ਆਪਣੇ ਕਾਲੇ ਸਪਲੈਂਡਰ ਪਲੱਸ ਮੋਟਰਸਾਈਕਲ ਦੀ ਚੋਰੀ ਸਬੰਧੀ ਦਰਜ ਕਰਵਾਈ ਗਈ ਸ਼ਿਕ-ਾਇਤ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ। ਥਾਣਾ ਮਹਿਤਪੁਰ ਵਿਖੇ ਦਰਜ ਐਫਆਈਆਰ ਦੇ ਆਧਾਰ 'ਤੇ, ਡੀਐਸਪੀ ਸ਼ਾਹਕੋਟ, ਓਂਕਾਰ ਸਿੰਘ ਬਰਾੜ ਅਤੇ ਇੰਸਪੈਕਟਰ ਸੁਖਦੇਵ ਸਿੰਘ, ਐਸਐਚਓ ਮਹਿਤਪੁਰ ਦੀ ਨਿਗਰਾਨੀ ਹੇਠ ਪੁਲਿਸ ਟੀਮ ਨੇ ਬਾਰੀਕੀ ਨਾਲ ਜਾਂਚ ਕੀਤੀ। ਆਪਣੀ ਪੁੱਛਗਿੱਛ ਦੌਰਾਨ, ਦੋਸ਼ੀਆਂ ਨੇ ਜ਼ਿਲ੍ਹਿਆਂ ਵਿੱਚ ਕਈ ਮੋਟਰਸਾਈਕਲ ਚੋਰੀਆਂ ਵਿੱਚ ਆਪਣੀ ਸ਼ਮੂਲੀਅਤ ਦਾ ਖੁਲਾਸਾ ਕੀਤਾ। ਜਾਂਚ ਦੌਰਾਨ ਛੇ ਚੋਰੀ ਹੋਏ ਮੋਟਰਸਾਈਕਲ ਬਰਾਮਦ ਹੋਏ, ਜਿਨ੍ਹਾਂ ਵਿੱਚ ਯਾਮਾਹਾ ਆਰ-15 ਅਤੇ ਬਜਾਜ ਪਲਸਰ ਵਰਗੇ ਉੱਚ-ਅੰਤ ਵਾਲੇ ਮਾਡਲ ਸ਼ਾਮਲ ਹਨ। ਦੋਸ਼ੀਆਂ ਨੇ




ਵੱਖ-ਵੱਖ ਜ਼ਿਲ੍ਹਿਆਂ ਵਿੱਚ ਅਣਪਛਾਤੇ ਵਾਹਨਾਂ ਨੂੰ ਨਿਸ਼ਾਨਾ ਬਣਾਇਆ, ਵੱਖ-ਵੱਖ ਖੇਤਰਾਂ ਵਿੱਚ ਵੇਚਣ ਤੋਂ ਪਹਿਲਾਂ ਉਨ੍ਹਾਂ ਦੀਆਂ ਪਛਾਣ ਵਿਸ਼ੇਸ਼ਤਾਵਾਂ ਨੂੰ ਬਦਲਿਆ। ਦੋਵਾਂ ਦੋਸ਼ੀਆਂ ਦਾ ਅਪਰਾਧਿਕ ਇਤਿਹਾਸ ਹੈ ਅਤੇ ਉਹ ਪਹਿਲਾਂ ਵੀ ਇਸੇ ਤਰ੍ਹਾਂ ਦੇ ਚੋਰੀ ਦੇ ਮਾਮਲਿਆਂ ਵਿੱਚ ਸ਼ਾਮਲ ਸਨ। ਤੀਜੇ ਸਾਥੀ, ਬੂਟਾ ਸਿੰਘ ਨੂੰ ਫੜਨ ਲਈ ਯਤਨ ਜਾਰੀ ਹਨ, ਜੋ ਕਿ ਅਜੇ ਵੀ ਫਰਾਰ ਹੈ। ਜਲੰਧਰ ਦਿਹਾਤੀ ਪੁਲਿਸ ਵੱਲੋਂ ਸਮੇਂ ਸਿਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਨੇ ਗਿਰੋਹ ਦੇ ਕਾਰਜਾਂ ਵਿੱਚ ਵਿਘਨ ਪਾਇਆ ਹੈ, ਜਿਸ ਨਾਲ ਜ਼ਿਲ੍ਹਿਆਂ ਭਰ ਵਿੱਚ ਵਾਹਨ ਮਾਲਕਾਂ ਨੂੰ ਰਾਹਤ ਮਿਲੀ ਹੈ।ਐਸਐਸਪੀ ਖੱਖ ਨੇ ਜਲੰਧਰ ਦਿਹਾਤੀ ਪੁਲਿਸ ਵੱਲੋਂ ਸੰਗਠਿਤ ਅਪਰਾਧ ਨੈੱਟਵਰਕਾਂ ਨੂੰ ਖਤਮ ਕਰਨ ਅਤੇ ਜਨਤਕ ਸੁਰੱਖਿਆ ਬਣਾਈ ਰੱਖਣ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਗਿਰੋਹ ਵੱਲੋਂ ਚੋਰੀ ਕੀਤੇ ਗਏ ਹੋਰ ਵਾਹਨਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਦੇ ਨੈੱਟਵਰਕ ਦੇ ਹੋਰ ਮੈਂਬਰਾਂ ਦੀ ਪਛਾਣ ਕਰਨ ਲਈ ਹੋਰ ਜਾਂਚ ਜਾਰੀ ਹੈ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ, ਅਤੇ ਭਵਿੱਖ ਵਿੱਚ ਅਜਿਹੇ ਅਪਰਾਧਾਂ ਨੂੰ ਰੋਕਣ ਲਈ ਨਿਰੰਤਰ ਯਤਨ ਕੀਤੇ ਜਾਣਗੇ।

# ਟੈਂਡਰਾਂ ਨੂੰ ਲੈ ਕੇ ਬਿਜਲੀ ਬੋਰਡ ਅਧਿਕਾਰੀਆਂ ਨਾਲ ਹੋਈ ਪਾਵਰਕਾਮ ਸੀ ਐਚ ਬੀ ਡਬਲਿਊ ਕਾਮਿਆਂ ਦੀ ਬੈਠਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪਾਵਰਕਾਮ ਐਡ ਟ੍ਰਾਂਸਕੋ ਠੇਕਾ ਮੁਲਾਜਮ ਯੂਨੀਅਨ ਪੰਜਾਬ ਦੀ ਮੀਟਿੰਗ ਅੱਜ ਚੀਫ ਇੰਜੀਨੀਅਰ ਪਟਿਆਲਾ ਦੇ ਚੈਂਬਰ ਵਿਖੇ ਹੋਈ ਇਸ ਮੀਟਿੰਗ ਵਿੱਚ ਡਿਪਟੀ ਮੈਨੇਜਰ ਆਈਆਰ ਪੀਐਸਪੀਸੀਐਲ ਪਟਿਆਲਾ ਅਤੇ ਸੀ ਐਚ ਬੀ ਕਾਮਿਆਂ ਦੇ ਨਵੇਂ ਕੀਤੇ ਜਾ ਰਹੇ ਟੈਂਡਰਾਂ ਨੂੰ ਲਾਗੂ ਕਰਨ ਲਈ ਬਣਾਈ ਗਈ ਕਮੇਟੀ ਦੇ ਨੁਮਾਇੰਦੇ ਵੀ ਸ਼ਾਮਿਲ ਸਨ। ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਸੂਬਾ ਪ੍ਰਧਾਨ ਬਲਿਹਾਰ ਸਿੰਘ ਸੂਬਾ ਸਹਾਇਕ ਸਕੱਤਰ ਟੇਕ ਚੰਦ ਸਰਕਲ ਪ੍ਰਧਾਨ ਸੁਖਪਾਲ ਸਿੰਘ ਸਰਕਲ ਸਕੱਤਰ ਸੁਰਿੰਦਰ ਸਿੰਘ ਅਜੇ ਕੁਮਾਰ ਅਤੇ ਸਰਕਲ ਸੀਨੀਅਰ ਮੀਤ ਪ੍ਰਧਾਨ ਜੰਗ ਸਿੰਘ ਨੇ ਦੱਸਿਆ ਕਿ ਪਾਵਰ ਕੌਮ ਮੈਨੇਜਮੈਂਟ ਬਿਜਲੀ ਅਦਾਰੇ ਦੇ ਅੰਦਰ ਸੀਐਚਬੀ ਤੇ ਡਬਲਿਓ ਤੇ ਸੀਐਚਐਚ ਕਾਮਿਆਂ ਦੇ ਨਵੇਂ ਟੈਂਡਰ ਜਾਰੀ ਕਰ ਰਹੀ ਹੈ ਜਿਸ ਦੇ ਤਹਿਤ ਬਿਜਲੀ ਸਪਲਾਈ ਨੂੰ ਬਹਾਲ ਰੱਖਣ ਲਈ ਆਊਟਸੋਰਸਿੰਗ ਰਾਹੀਂ ਸੀਐਚਬੀ ਕਾਮਿਆਂ ਦੀ ਭਰਤੀ ਲੰਮੇ ਸਮੇਂ ਤੋਂ ਕੀਤੀ ਗਈ ਹੈ, ਜੋ ਕਿ ਲਗਾਤਾਰ ਬਿਜਲੀ ਅਦਾਰੇ ਅੰਦਰ ਕੰਮ ਕਰ ਰਹੇ ਹਨ। ਪੰਜਾਬ ਸਰਕਾਰ ਅਤੇ ਪਾਵਰ ਕੌਮ ਦੀ ਮੈਨੇਜਮੈਂਟ ਨਾਲ ਸੀਐਚਬੀ ਤੇ ਡਬਲਿਊ ਅਤੇ ਸੀਐਚਐਚ ਕਾਮਿਆਂ ਦੀਆਂ ਮੰਗਾਂ ਨੂੰ ਲੈ ਕੇ ਲਗਾਤਾਰ ਮੀਟਿੰਗਾਂ ਦਾ ਸਿਲਸਿਲਾ ਚੱਲ ਰਿਹਾ ਹੈ। ਟੈਂਡਰਾਂ ਨੂੰ ਲੈ ਕੇ ਅੱਜ ਦੀ ਮੀਟਿੰਗ ਵਿੱਚ ਠੇਕਾ ਕਾਮਿਆਂ ਨੇ ਮੰਗ ਕੀਤੀ ਕਿ ਵੱਡੀਆਂ ਧਨਾਟ ਕੰਪਨੀਆਂ ਨੂੰ ਮੁਨਾਫਾ ਦੇਣ ਦੀ ਥਾਂ ਆਊਟਸੋਰਸਿੰਗ ਰਾਹੀਂ ਭਰਤੀ ਕੀਤੇ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਿਲ ਕਰਨ ਅਤੇ ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ ਨਿਸ਼ਚਿਤ ਕਰਨ ਅਤੇ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਤੇ ਮੂੰਹ



ਪਏ ਕਾਮੇ ਲਈ ਪੱਕੀ ਨੌਕਰੀ ਸਮੇਤ ਪੈਨਸ਼ਨ ਦਾ ਪ੍ਰਬੰਧ ਕਰਨ ਅਤੇ ਕਰੰਟ ਲੱਗਣ ਵਧੀਆ ਇਲਾਜ ਦਾ ਪ੍ਰਬੰਧ ਕਰਨ ਦੀ ਗੱਲ ਰੱਖੀ ਗਈ ਅਤੇ ਪਿਛਲੇ ਸਮੇਂ ਦੇ ਵਿੱਚ ਕੀਤੇ ਗਏ ਟੈਂਡਰਾਂ ਵਿੱਚ ਵੱਡੀਆਂ ਧਨਾਟ ਕੰਪਨੀਆਂ ਵੱਲੋਂ ਕਾਮਿਆਂ ਨੂੰ ਮਿਲਣ ਯੋਗ ਸਹੂਲਤਾਂ ਲਾਗੂ ਨਹੀਂ ਕੀਤੀਆਂ ਗਈਆਂ ਅਤੇ ਕਿਰਤ ਕਾਨੂੰਨਾਂ ਅਨੁਸ-ਾਰ ਮਿਲਣ ਯੋਗ ਬਕਾਇ ਏਰੀਅਰ ਦੀ ਵੀ ਅਦਾਇਗੀ ਨਹੀਂ ਕੀਤੀ ਗਈ ਜਿਸ ਦੇ ਕਾਰਨ ਲਗਾਤਾਰ ਠੇਕਾ ਕਾਮਿਆਂ ਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਕਿ ਠੇਕੇਦਾਰੀ ਸਿਸਟਮ ਨੂੰ ਬੰਦ ਕਰ ਸਮੂਹ ਆਊਟ ਸੋਰਸਿੰਗ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਿਲ ਕਰਨ ਅਤੇ ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ ਨਿਸ਼ਚਿਤ ਕਰਨ, ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪਏ ਕਾਮੇ ਨੂੰ ਪੱਕੀ ਨੌਕਰੀ ਪੈਨਸ਼ਨ ਦੀ ਗਰੰਟੀ ਕਰਨ ਸਮੇਤ ਮੰਗ ਪੱਤਰ ਵਿੱਚ ਦਰਜ ਮੰਗਾਂ ਨੂੰ ਹੱਲ ਕਰਨ ਦੀ ਮੰਗ ਕੀਤੀ। ਜਥੇਬੰਦੀ ਆਗੂਆਂ ਨੇ ਕਿਹਾ ਕਿ 16 ਜਨਵਰੀ 2025 ਨੂੰ ਹੋਣ ਵਾਲੀ ਵਿੱਤ ਮੰਤਰੀ ਅਤੇ ਬਿਜਲੀ ਮੰਤਰੀ ਨਾਲ ਮੀਟਿੰਗ ਵਿਚ ਆਪਣੀ ਮੰਗ ਨੂੰ ਜ਼ੋਰ ਨਾਲ ਉਠਾਇਆ ਜਾਵੇਗਾ ਕਿਉਂਕਿ ਵਿੱਤ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਵੱਲੋਂ ਪਹਿਲਾਂ ਹੀ ਪਾਵਰ ਸੈਕਟਰੀ ਦੀ ਡਿਊਟੀ ਮੰਗਾਂ ਨੂੰ ਹੱਲ ਕਰਨ ਉੱਤੇ ਲਗਾ ਦਿੱਤੀ ਗਈ ਹੈ ਅਤੇ ਪਾਵਰ ਸੈਕਟਰੀ ਜੀ ਵੱਲੋਂ ਵੀ ਮੰਗਾਂ ਨੂੰ ਹੱਲ ਕਰਨ ਦਾ ਭਰੋਸਾ ਦਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਅਗਰ 16 ਜਨਵਰੀ 2025 ਨੂੰ ਮੰਗਾਂ ਦੇ ਹੱਲ ਲਈ ਸਰਕੁਲਰ ਜਾਰੀ ਨਹੀਂ ਹੁੰਦਾ ਤਾਂ ਮਿਤੀ 17 ਜਨਵਰੀ 2025 ਨੂੰ ਪਰਿਵਾਰਾਂ ਤੇ ਬੱਚਿਆਂ ਸਮੇਤ ਮੋਹਾਲੀ ਚੰਡੀਗੜ੍ਹ ਵਿਖੇ ਲਗਾਤਾਰ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ ਅੱਜ ਮੀਟਿੰਗ ਵਿੱਚ ਡਿਪਟੀ ਮੈਨੇਜਰ ਆਈਆਰ ਪੀਐਸਪੀਸੀਐਲ ਨੂੰ ਸੰਘਰਸ਼ ਨੋਟਿਸ ਵੀ ਸੌਂਪਿਆ ।

# ਜ਼ਿਲ੍ਹਾ ਹੁਸ਼ਿਆਰਪੁਰ ਵਾਲੇ ਵਰਕਰ 15 ਜਨਵਰੀ ਨੂੰ ਹੁਸ਼ਿਆਰਪੁਰ ਵਿਖੇ ਪਹੁੰਚਣ

**ਹੁਸ਼ਿਆਰਪੁਰ (ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਬਸਪਾ ਸੁਪ੍ਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਰਾਸ਼ਟਰੀ ਪ੍ਰਧਾਨ ਬਸਪਾ ਅਤੇ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼, ਸਾਬਕਾ ਸੰਸਦ ਜੀ ਦਾ 69 ਵਾਂ ਜਨਮ ਦਿਨ 15 ਜਨਵਰੀ 2025 ਦਿਨ ਬੁੱਧਵਾਰ ਸਵੇਰੇ 11 ਵਜੇ ਰਹੀਮਪੁਰ ਚੌਂਕ ਫਗਵਾੜਾ ਰੋਡ ਹੁਸ਼ਿਆਰਪੁਰ ਵਿਖੇ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਮੁੱਖ ਮਹਿਮਾਨ ਸ੍ਰੀ ਵਿਪਿਨ ਕੁਮਾਰ ਜੀ ਇੰਚਾਰਜ ਬਸਪਾ ਪੰਜਾਬ ਵਿਸ਼ੇਸ਼




ਮਹਿਮਾਨ ਭਗਵਾਨ ਸਿੰਘ ਚੌਹਾਨ, ਠੇਕੇਦਾਰ ਭਗਵਾਨ ਦਾਸ ਸਿੱਧੂ , ਚੌਧਰੀ ਗੁਰਨਾਮ ਸਿੰਘ ਜਨਰਲ ਸਕੱਤਰ ਬਸਪਾ ਪੰਜਾਬ। ਬਸਪਾ ਹੁਸ਼ਿਆਰਪੁਰ ਦੇ ਸਾਰੇ ਅਹੁਦੇਦਾਰਾਂ ਅਤੇ ਵਰਕਰ ਸਮੱਰਥਕਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ ਵੱਲੋਂ ਵਿਜੈ ਖਾਨਪੁਰੀ ਜ਼ਿਲ੍ਹਾ ਇੰਚਾਰਜ ਸੋਸ਼ਲ ਮੀਡੀਆ ਹੁਸ਼ਿਆਰਪੁਰ ਅਤੇ ਬਾਕੀ ਬਸਪਾ ਹੁਸ਼ਿਆਰਪੁਰ ਦੀ ਟੀਮ।

# ਨੰਬਰਦਾਰ ਯੂਨੀਅਨ ਨੇ ਲੋਹੜੀ ਦੇ ਤਿਉਹਾਰ ਮੌਕੇ ਮੰਗਿਆ ਸਰਬੱਤ ਦਾ ਭਲਾ - ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ

## 26 ਜਨਵਰੀ ਮਨਾਉਣ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਰਤਨ ਟਾਟਾ ਨੂੰ ਦਿੱਤੀ ਸ਼ਰਧਾਂਜਲੀ

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ ਯੂਨੀਅਨ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ। ਇਹ ਮੀਟਿੰਗ ਬੀਤੇ ਸਾਲ 2024 ਦੇ ਲੇਖਾ ਜੋਖਾ ਕਰਨ ਅਤੇ ਨਵੇਂ ਸਾਲ 2025 ਦੇ ਨਵੇਂ ਪ੍ਰੋਗਰਾਮ ਉਲੀਕਣ ਦੇ ਸੰਬੰਧ ਵਿੱਚ ਹੋਈ। ਇਸ ਮੀਟਿੰਗ ਵਿੱਚ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ, ਕਲੱਬ ਦੇ ਅਫਸਰ ਲਾਇਨ ਬਬਿਤਾ ਸੰਧੂ, ਲਾਇਨ ਦਿਨਕਰ ਜਸਪ੍ਰੀਤ ਸੰਧੂ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਕਲੱਬ ਨੇ ਲੋਹੜੀ ਮਨਾਉਣ ਦੇ ਪ੍ਰਬੰਧ ਕੀਤੇ। ਜਥੇਬੰਦੀ ਅਤੇ ਕਲੱਬ ਨੇ ਸਭ ਤੋਂ ਪਹਿਲਾਂ ਹਰ ਸਾਲ ਦੀ ਤਰ੍ਹਾਂ ਲੋਹੜੀ ਦਾ ਪਵਿੱਤਰ ਤਿਓਹਾਰ ਬੜੇ ਸ਼ਰਧਾ ਭਾਵ ਨਾਲ ਮਨਾਉਂਦੇ ਹੋਏ ਪਰਮਾਤਮਾ ਪਾਸੋਂ ਸਰਬੱਤ ਦਾ ਭਲਾ ਮੰਗਿਆ। ਨੰਨ੍ਹੀ ਪਰੀ ਗੁਰਛਾਇਆ ਸੋਖਲ ਪਾਸੋਂ ਲੋਹੜੀ ਦੀ ਧੂਣੀ ਨੂੰ ਅਗਨੀ ਦੇਣ ਦੀ ਰਸਮ ਅਦਾ ਕਰਵਾ ਕੇ ਸਤਿਗੁਰੂ ਨਾਨਕ ਦੇਵ ਜੀ ਦੇ ਆਦੇਸ਼ਾਂ ਨੂੰ ਮੰਨਣ ਲਈ ਲੋਕਾਈ ਨੂੰ ਸੁਨੇਹਾ ਦਿੱਤਾ। ਨੰਬਰਦਾਰ ਸਾਹਿਬਾਨਾਂ ਨੇ ਨਵੇਂ ਸਾਲ 2025 ਦੀ ਖੁਸ਼ੀ ਵਿੱਚ ਇੱਕ ਦੂਜੇ ਵਧਾਈਆਂ ਦਿੰਦਿਆਂ ਪੂਰੇ ਪੰਜਾਬ ਵਿੱਚ ਨੰਬਰਦਾਰਾਂ ਦੇ ਹਿੱਤਾਂ ਲਈ ਕੰਮ ਕਰ ਰਹੀਆਂ ਜਥੇਬੰਦੀਆਂ ਦੀ



ਨੰਨ੍ਹੀ ਪਰੀ ਗੁਰਛਾਇਆ ਸੋਖਲ ਲੋਹੜੀ ਦੀ ਧੂਣੀ ਨੂੰ ਅਗਨੀ ਦਿੰਦੀ ਹੋਈ। ਨਾਲ ਹਨ ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ, ਕਲੱਬ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ, ਸੀਨੀਅਰ ਮੀਤ ਪ੍ਰਧਾਨ ਪਰਗਟ ਸਿੰਘ ਅਤੇ ਹੋਰ ਸਿਪਾਸਿਲਾਰ।

ਚੜ੍ਹਦੀ ਕਲਾ ਮੰਗਦਿਆਂ ਇੱਕ ਜੁੱਟ ਹੋ ਕੇ ਚੱਲਣ ਦੀ ਅਰਦਾਸ ਕੀਤੀ ਤਾਂ ਕਿ ਨੰਬਰਦਾਰਾਂ ਦੀਆਂ ਮੰਗਾਂ ਸੌਖਿਆਂ ਹੀ ਮੰਨਵਾਈਆਂ ਜਾ ਸਕਣ। ਲੋਹੜੀ ਦਾ ਤਿਓਹਾਰ ਮਨਾਉਣ ਉਪਰੰਤ ਨੰਬਰਦਾਰ ਸਹਿਬਾਨਾਂ ਨੇ 26 ਜਨਵਰੀ ਦਾ ਰਾਸ਼ਟਰੀ ਤਿਉਹਾਰ ਗਣਤੰਤਰ ਦਿਵਸ ਮਨਾਉਣ ਦੀ ਰੂਪ ਰੇਖਾ ਤਿਆਰ ਕੀਤੀ। ਡਾ। ਭੀਮ ਰਾਓ ਅੰਬੇਡਕਰ ਜੀ ਦਾ ਗੁਣਗਾਨ ਗਾਉਂਦਿਆਂ ਫੈਸਲਾ ਕੀਤਾ ਕਿ 26 ਜਨਵਰੀ ਦਾ ਮਹੱਤਵਪੂਰਨ ਦਿਨ ਵੀ ਜਸ਼ਨਾਂ ਨਾਲ ਮਨਾਇਆ ਜਾਵੇਗਾ। 26 ਜਨਵਰੀ ਦੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਜਲੰਧਰ ਪਰਗਟ ਸਿੰਘ ਸਰਹਾਲੀ, ਪ੍ਰੈਸ ਸਕੱਤਰ ਤਰਸੇਮ ਲਾਲ ਉੱਪਲ ਖਾਲਸਾ, ਸਲਾਹਕਾਰ ਗੁਰਦੇਵ ਸਿੰਘ ਨਾਗਰਾ, ਪ੍ਰੇਮ ਚੰਦ ਮੁਆਈ, ਮਹਿੰਦਰ ਸਿੰਘ ਨਾਹਲ, ਲਹਿੰਬਰ ਸਿੰਘ ਚੀਮਾ ਖੁਰਦ, ਹਰਜਿੰਦਰ ਕੁਮਾਰ ਤੱਗੜ ਨੇ ਵਿੱਤੀ ਸਹਾਇਤਾ ਦਿੱਤੀ। ਦੇਸ਼ ਦੀਆਂ ਦੋ ਪ੍ਰਮੁੱਖ ਸ਼ਖਸ਼ੀਅਤਾਂ ਜੋ ਕੁੱਝ ਸਮਾਂ ਪਹਿਲਾਂ ਸਦੀਵੀਂ ਵਿਛੋੜਾ ਦੇ ਗਈਆਂ, ਡਾ। ਮਨਮੋਹਨ ਸਿੰਘ ਸਾਬਕਾ ਪ੍ਰਧਾਨ ਮੰਤਰੀ ਅਤੇ ਮਹਾਦਾਨੀ ਪ੍ਰਮੁੱਖ ਉਦਯੋਗਪਤੀ ਸ਼੍ਰੀ ਰਤਨ ਟਾਟਾ ਜੀ ਨੂੰ ਦੋ ਮਿੰਟ ਦਾ ਮੌਨ ਵਰਤ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ ਨੇ ਮੀਟਿੰਗ ਵਿੱਚ ਨੂਰਮਹਿਲ ਦੇ ਉੱਜੜ ਰਹੇ ਅਤੇ ਅਧੂਰੇ ਪਏ ਸਰਕਾਰੀ ਸਕੂਲ ਨੂੰ ਵਿੱਦਿਆ ਦਾ ਮੰਦਰ ਬਨਾਉਣ ਲਈ ਚਰਚਾ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੇ ਨੁਮਾਇੰਦੇ ਜਾਣ ਬੁੱਝ ਕੇ ਗਰੀਬ ਵਰਗ ਦੇ ਬੱਚਿਆਂ ਨੂੰ ਤੜਪਾ ਰਹੇ ਹਨ। ਫੈਸਲਾ ਲਿਆ ਕਿ ਜਥੇਬੰਦੀ ਸਕੂਲ ਉਸਾਰੇ ਜਾਣ ਲਈ ਮੁੜ ਤੇਜ਼ੀ ਨਾਲ ਸੰਘਰਸ਼ ਕਰੇਗੀ। ਯੂਨੀਅਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨੰਬਰਦਾਰ ਸਾਹਿਬਾਨਾਂ ਦਾ ਮਾਣ ਭੱਤਾ 5000/- ਰੁਪਏ ਪ੍ਰਤਿ ਮਹੀਨਾ ਕੀਤਾ ਜਾਵੇ, ਜੱਦੀ ਪੁਸ਼ਤੀ ਮਾਮਲੇ 'ਚ ਨੰਬਰਦਾਰ ਦੁਆਰਾ ਬਣਾਏ ਸਰਬਰਾਹ ਨੂੰ ਪੱਕਿਆਂ ਤੌਰ 'ਤੇ ਨੰਬਰਦਾਰ ਨਿਯੁਕਤ ਕੀਤਾ ਜਾਵੇ। ਇਸ ਮੌਕੇ ਯੂਨੀਅਨ ਦੀ ਮਹਿਲਾ ਨੰਬਰਦਾਰ ਸ਼੍ਰੀਮਤੀ ਦਲਜੀਤ ਕੌਰ ਜੰਡਿਆਲਾ, ਗੁਰ-ਇਆ ਸਰਕਲ ਇੰਚਾਰਜ ਅਨਿਲ ਸੂਦ, ਜਨਰਲ ਸਕੱਤਰ ਸੁਰਿੰਦਰ ਪਾਲ ਸਿੰਘ, ਪੀ।ਆਰ।ਓ ਜਗਨ ਨਾਥ ਚਾਹਲ, ਡਾਇਰੈਕਟਰ ਗੁਰਮੇਲ ਚੰਦ ਮੱਟੂ, ਅਜੀਤ ਰਾਮ ਤਲਵਣ, ਬਲਵਿੰਦਰ ਕੁਮਾਰ ਭੈਣੀ, ਹਰਭਜਨ ਸਿੰਘ ਭੰਡਾਲ ਬੂਟਾ, ਭਜਨ ਲਾਲ ਕਾਦੀਆਂ, ਲਹਿੰਬਰ ਸਿੰਘ ਚੀਮਾ ਖੁਰਦ, ਆਤਮਾ ਰਾਮ ਭੰਡਾਲ ਬੂਟਾ, ਕੁਲਵਿੰਦਰ ਰਾਮ ਸਾਗਰਪੁਰ, ਬਲਰਾਜ ਸਿੰਘ ਪੱਬਵਾ, ਸੁਖਵਿੰਦਰ ਸਿੰਘ ਉਮਰਪੁਰ ਕਲਾਂ, ਚਰਨਜੀਤ ਸਿੰਘ ਉੱਪਲ ਭੂਪਾ, ਸ਼ਰਧਾ ਰਾਮ ਲਖਨਪਾਲ, ਦਲਜੀਤ ਸਿੰਘ ਭੱਲੋਵਾਲ ਸਮੇਤ ਸਮੂਹ ਨੰਬਰਦਾਰ ਸਾਹਿਬਾਨਾਂ ਨੇ ਮਾਣ ਨਾਲ ਦੱਸਿਆ ਕਿ ਨੰਬਰਦਾਰ ਯੂਨੀਅਨ, ਲਾਇਨਜ਼ ਕਲੱਬਜ਼, ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਵੱਲੋਂ ਦੇਸ਼ ਦਾ 29ਵਾਂ ਰਾਸ਼ਟਰੀ ਤਿਉਹਾਰ ਚਾਵਾਂ ਸੱਧਰਾਂ ਨਾਲ ਮਨਾਇਆ ਜਾਵੇਗਾ। ਲਗਾਤਾਰ ਰਾਸ਼ਟਰੀ ਤਿਉਹਾਰ ਮਨਾਉਣ ਦਾ ਮਾਣ ਸਿਰਫ ਨੰਬਰਦਾਰ ਯੂਨੀਅਨ ਦੇ ਪਾਸ ਹੀ ਹੈ।

# ਸਾਡੀਆਂ ਧੀਆਂ ਪਰਿਵਾਰ ਅਤੇ ਸੂਬੇ ਦਾ ਮਾਣ ਵਧਾ ਰਹੀਆਂ ਹਨ-ਡਾ. ਰਾਜ ਕੁਮਾਰ

## ਜੰਡੋਲੀ ਦੀ ਰਿਸ਼ੀਕਾ ਜਸਵਾਲ ਨੂੰ ਨਿਊਜ਼ੀਲੈਂਡ ਦੀ ਕ੍ਰਿਕਟ ਟੀਮ ਵਿੱਚ ਚੁਣੇ ਜਾਣ ਦੀ ਮਿਸਾਲ ਦਿੱਤੀ



**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)**

ਅੱਜ ਦੇ ਯੁੱਗ ਵਿਚ ਲੜਕੀਆਂ ਨਾ ਸਿਰਫ ਹਰ ਖੇਤਰ ਵਿਚ ਲੜਕਿਆਂ ਦਾ ਮੁਕਾਬਲਾ ਕਰ ਰਹੀਆਂ ਹਨ, ਸਗੋਂ ਨਵੇਂ ਰਿਕਾਰਡ ਵੀ ਬਣਾ ਰਹੀਆਂ ਹਨ ਅਤੇ ਆਪਣੇ ਮਾਤਾ-ਪਿਤਾ, ਆਪਣੇ ਪਰਿਵਾਰ ਦੇ ਨਾਲ-ਨਾਲ ਆਪਣੇ ਪਿੰਡ, ਸ਼ਹਿਰ ਅਤੇ ਸੂਬੇ ਦਾ ਨਾਂ ਰੋਸ਼ਨ ਕਰ ਰਹੀਆਂ ਹਨ", ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਾ। ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਕੁਮਾਰ ਚੱਬੇਵਾਲ ਨੇ ਆਪਣੇ ਸੰਸਦੀ ਹਲਕੇ ਦੇ ਪਰਿਵਾਰਾਂ ਸਮੇਤ ਲੋਹੜੀ ਦੇ ਤਿਉਹਾਰ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਲੜਕੀਆਂ ਦੀ ਲੋਹੜੀ ਵਿੱਚ ਉਤਸ਼ਾਹ ਨਾਲ ਭਾਗ ਲਿਆ ਅਤੇ ਸਮਾਜ ਨੂੰ ਇੱਕ ਨਵਾਂ ਸੁਨੇਹਾ ਦੇਣ ਲਈ ਇਨ੍ਹਾਂ ਪਰਿਵਾਰਾਂ ਦੀ ਤਹਿ ਦਿਲੋਂ ਸ਼ਲਾਘਾ ਕੀਤੀ। ਉਨ੍ਹਾਂ ਨੇ ਧੀਆਂ ਦੀ ਲੋਹੜੀ ਮਨਾਉਣ ਨੂੰ ਲਿੰਗ ਅਸਮਾਨਤਾ ਨੂੰ ਦੂਰ ਕਰਨ ਅਤੇ ਲੜਕੀਆਂ ਦੀ ਪਛਾਣ ਨੂੰ ਮਜ਼ਬੂਤ ਕਰਨ ਲਈ ਇੱਕ ਪ੍ਰੇਰਨਾਦਾਇਕ ਕਦਮ ਦੱਸਿਆ। ਉਨ੍ਹਾਂ ਨੇ ਜ਼ਿਲ੍ਹੇ ਦੇ ਕਈ ਪਿੰਡਾਂ ਵਿੱਚ ਜਾ ਕੇ ਨਵਜੰਮੀਆਂ ਬੱਚੀਆਂ ਦੇ ਜਨਮ ਦਿਨ ਮਨਾਉਣ ਲਈ ਪਰਿਵਾਰਾਂ ਦਾ ਸਨਮਾਨ ਕੀਤਾ ਅਤੇ ਲੋਕਾਂ ਨੂੰ ਇਸ ਅਹਿਮ ਮੁੱਦੇ ਬਾਰੇ ਜਾਗਰੂਕ ਕੀਤਾ। ਡਾ: ਚੱਬੇਵਾਲ ਨੇ ਕਿਹਾ, "ਸਮਾਜ ਅਕਸਰ ਲੋਹੜੀ ਨੂੰ ਲੜਕੇ ਦੇ ਜਨਮ ਦਾ ਤਿਉਹਾਰ ਮੰਨਦਾ ਹੈ, ਪਰ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਲੜਕੀਆਂ ਦੀ ਭੂਮਿਕਾ ਅਤੇ ਯੋਗਦਾਨ ਨੂੰ ਸਵੀਕਾਰ ਕਰੀਏ। ਜੇਕਰ ਕੁੜੀਆਂ ਨਹੀਂ ਹੋਣਗੀਆਂ ਤਾਂ ਸਮਾਜ ਦਾ ਆਧਾਰ ਕਿਵੇਂ ਬਣੇਗਾ? ਇਸ ਦੌਰਾਨ ਉਨ੍ਹਾਂ ਲੜਕੀਆਂ ਦੇ ਜਨਮ ਦਿਨ ਮਨਾਉਣ ਅਤੇ ਉਨ੍ਹਾਂ ਨੂੰ ਸਿੱਖਿਆ, ਸਿਹਤ ਅਤੇ ਸੁਰੱਖਿਆ ਦਾ ਅਧਿਕਾਰ ਦੇਣ ਵੱਲ ਲੋਕਾਂ ਦਾ ਧਿਆਨ ਖਿਚਿਆ। ਉਨ੍ਹਾਂ ਕਿਹਾ ਕਿ ਇਹ ਕਦਮ ਨਾ ਸਿਰਫ਼ ਲੜਕੀਆਂ ਪ੍ਰਤੀ ਸਮਾਜਿਕ ਰਵੱਈਆ ਬਦਲੇਗਾ, ਸਗੋਂ ਨਵੀਂ ਪੀੜ੍ਹੀ ਨੂੰ ਬਰਾਬਰੀ ਦੇ ਰਾਹ 'ਤੇ ਲਿਜਾਣ 'ਚ ਵੀ ਸਹਾਈ ਸਿੱਧ ਹੋਵੇਗਾ । ਇਸ ਮੌਕੇ ਡਾ: ਰਾਜ ਨੇ ਜੰਡੋਲੀ ਦੀ ਰਿਸ਼ੀਕਾ ਜਸਵਾਲ ਦੀ ਨਿਊਜ਼ੀਲੈਂਡ ਅੰਡਰ-19 ਕ੍ਰਿਕਟ ਟੀਮ ਵਿੱਚ ਚੁਣੇ ਜਾਣ ਦੀ ਮਿਸਾਲ ਦਿੰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹਰ ਬੱਚੇ ਨੂੰ ਬਰਾਬਰ ਮੌਕੇ ਦੇਣ ਅਤੇ ਉਸ ਦੀ ਪੜ੍ਹਾਈ ਅਤੇ ਵਿਕਾਸ ਲਈ ਉਪਰਾਲੇ ਕਰਨ। ਉਨ੍ਹਾਂ ਕਿਹਾ ਕਿ ਜਦੋਂ ਸਮਾਜ ਲੜਕੀਆਂ ਨੂੰ ਬਰਾਬਰੀ ਦਾ ਹੱਕ ਦਿੰਦਾ ਹੈ ਤਾਂ ਹੀ ਅਸੀਂ ਤਰੱਕੀ ਦੀ ਕਲਪਨਾ ਕਰ ਸਕਦੇ ਹਾਂ।

# ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੱਗਰਾਂ ਵਿਖੇ ਲੋਹੜੀ ਦਾ ਤਿਓਹਾਰ ਧੂਮਧਾਮ ਨਾਲ ਮਨਾਇਆ : ਡਾ ਆਸ਼ੀਸ਼ ਸ਼ਰੀਨ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੱਗਰਾਂ ਵਿੱਚ ਚੇਅਰਮੈਨ ਡਾ: ਅਸ਼ੀਸ਼ ਸਰੀਨ ਦੇ ਦਿਸ਼ਾ ਨਿਰਦੇਸ਼ ਹੇਠ ਲੋਹੜੀ ਦਾ ਤਿਓਹਾਰ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਵਿਦਿਆਰਥੀਆਂ ਨੇ ਲੋਹੜੀ ਬਾਲ ਕੇ ਤਿ੍ਹਾਰ ਦੀਆਂ ਖੁਸ਼ੀਆਂ ਮਨਾਈਆਂ। ਇਸ ਸਮਾਗਮ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੀ ਪ੍ਰਬੰਧਕ ਕਮੇਟੀ ਨੇ ਵੱਡੇ ਉਤਸ਼ਾਹ ਨਾਲ ਹਿੱਸਾ ਲਿਆ।ਲੋਹੜੀ ਦੀ ਰੌਣਕ ਵਧਾਉਣ ਲਈ ਗੀਤ-ਸੰਗੀਤ, ਗਿੱਧਾ, ਭੰਗੜਾ ਅਤੇ ਲੋਕ ਗੀਤਾਂ ਦਾ ਵਿਸ਼ੇਸ਼ ਪ੍ਰੋਗਰਾਮ ਪੇਸ਼ ਕੀਤਾ ਗਿਆ। ਸਮਾਗਮ ਵਿੱਚ ਪੰਜਾਬ ਦੀ ਸੰਮ੍ਰਿੱਧ ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਉਜਾਗਰ ਕੀਤਾ ਗਿਆ। ਵਿਦਿਆਰਥੀਆਂ ਨੇ ਲੋਹੜੀ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਇਸ ਤਿਓਹਾਰ ਨੂੰ ਕੁਦਰਤੀ ਤਾਕਤਾਂ ਅਤੇ ਖੇਤੀਬਾੜੀ ਨਾਲ ਜੁੜੇ ਹੋਏ ਮਨੁੱਖੀ ਸੰਬੰਧਾਂ ਦੀ ਮਿਸਾਲ ਦੱਸਿਆ। ਅਧਿਆਪਕਾਂ ਦੁਆਰਾ ਵੀ ਬੱਚਿਆਂ ਨੂੰ ਲੋਹੜੀ ਦੀ ਮਹੱਤਤਾ ਬਾਰੇ ਦੱਸਿਆ ਗਿਆ। ਅੰਤ ਵਿੱਚ, ਮੌਜੂਦ ਸਾਰੇ ਵਿਦਿਆਰਥੀਆਂ ,ਪ੍ਰਿੰਸੀਪਲ ਅਤੇ ਸਮੂਹ ਸਟਾਫ ਨੇ ਅੱਗ ਦੇ ਗੇੜੇ ਲਾ ਕੇ ਤਿਲ, ਗੁੜ ਅਤੇ ਮੂੰਗਫਲੀ ਵੰਡ ਕੇ ਲੋਹੜੀ ਦਾ ਅਨੰਦ ਮਾਣਿਆ। ਸਕੂਲ ਦੇ ਚੇਅਰਮੈਨ ਡਾ : ਆਸ਼ੀਸ਼ ਸਰੀਨ, ਮੁੱਖ ਅਧਿਆਪਕ ਗੋਪਾਲ ਕ੍ਰਿਸ਼ਨ ਅਰੋੜਾ, ਅਸ਼ੋਕ ਕੁਮਾਰ ਅਤੇ ਸਮੂਹ ਸਟਾਫ ਵੱਲੋਂ ਬੱਚਿਆਂ ਨੂੰ ਲੋਹੜੀ ਅਤੇ ਮਕਰ ਸਕ੍ਰਾਤੀ ਦੀਆਂ ਵਧਾਈਆਂ ਦਿੱਤੀਆਂ।

# ਧੜੱਲੇ ਨਾਲ ਵਿੱਕ ਰਹੀ ਚਾਈਨਾ ਡੋਰ

ਪੁਰਾਣੇ ਸਮੇਂ ਵਿਚ ਰਾਜੇ ਮਹਾਰਾਜੇ ਵੀ ਪਤੰਗਬਾਜ਼ੀ ਦਾ ਬਹੁਤ ਸ਼ੌਕ ਰੱਖਦੇ ਸਨ ਤੇ ਸੂਤ ਦੇ ਧਾਗਿਆਂ ਨਾਲ ਪਤੰਗਾਂ ਉਡਾਈਆਂ ਜਾਂਦੀਆਂ ਸਨ। ਲੋਕ ਕੱਚ, ਸਿੰਥੈਟਿਕ ਡੋਰਾਂ ਨਾਲ ਪਤੰਗ ਉਡਾਉਣੀ ਸ਼ੁਰੂ ਕਰ ਦਿੰਦੇ ਹਨ ਅਤੇ ਆਨੰਦ ਮਾਣਦੇ ਹਨ। ਘਰ ਦੀਆਂ ਛੱਤਾਂ ਤੇ ਲੋਕ ਡੀਜੇ ਲਗਾਉਂਦੇ ਹਨ ਤੇ ਭੰਗੜੇ ਪਾਉਂਦੇ ਹਨ।ਪਰ ਅੱਜ ਕੱਲ੍ਹ ਤਾਂ ਚਾਈਨਾ ਡੋਰ ਨਾਲ ਲੋਕ ਪਤੰਗ ਉਡਾਉਂਦੇ ਹਨ, ਜੋ ਬਹੁਤ ਹੀ ਜਿਆਦਾ ਨੁਕਸਾਨਦਾਇਕ ਹੈ। ਕਈ ਦਹਾਕਿਆਂ ਤੋਂ ਪੰਜਾਬ ਤੇ ਗੁਆਂਢੀ ਸੂਬਿਆਂ ਵਿੱਚ ਪਾਬੰਦੀ ਦੇ ਬਾਵਜੂਦ ਧੜੱਲੇ ਨਾਲ ਚਾਈਨਾ ਡੋਰ ਵਿਕ ਰਹੀ ਹੈ।ਰਾਹਗੀਰਾਂ ਦੇ ਜ਼ਖਮੀ ਹੋਣ ਦਾ ਸਿਲਸਿਲਾ ਲਗਾਤਾਰ ਅਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹਾਂ। ਹਾਲ ਹੀ ਵਿੱਚ ਜਲੰਧਰ ਦੇ ਇੱਕ ਨੌਜਵਾਨ ਦੀ ਪੀਜੀਆਈ ਵਿੱਚ ਮੌਤ ਹੋਈ ਹੈ। ਅਜਨਾਲਾ ਦੇ 20 ਸਾਲਾਂ ਨੌਜਵਾਨ ਦੀ ਗਰਦਨ ਚਾਈਨਾ ਡੋਰ ਨਾਲ ਬੁਰੀ ਤਰ੍ਹਾਂ ਕੱਟੀ ਗਈ। ਜ਼ਖ਼ਮੀ ਹਾਲਤ ਵਿੱਚ ਉਹ ਮੋਟਰਸਾਈਕਲ ਤੋਂ ਸੜਕ ਤੇ ਡਿੱਗ ਗਿਆ ।ਹਸਪਤਾਲ ਵਿੱਚ ਹੀ ਉਸਦੀ ਮੌਤ ਹੋ ਗਈ।ਪਿਛਲੇ ਸਾਲ ਸਮਰਾਲਾ ਦੇ ਚਾਰ ਸਾਲਾ ਬੱਚੇ ਦਾ ਚਿਹਰਾ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਚੀਰਿਆ ਗਿਆ। ਜਿਸ ਕਾਰਨ ਉਸ ਦੇ 70 ਟਾਂਕੇ ਮੂੰਹ ਤੇ ਲੱਗੇ। ਦੂਜੀ ਖਬਰ ਜਗਰਾਉਂ ਵਿਖੇ ਕਿਸੇ ਪਿੰਡ ਦੀ ਹੈ, ਜਿਥੇ ਇਕ ਵਿਅਕਤੀ ਦਾ ਮੂੰਹ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਛਿਲਿਆ ਗਿਆ, ਜਿਸ ਕਾਰਨ 45 ਟਾਂਕੇ ਮੂੰਹ ਤੇ ਲੱਗੇ ਤੇ 11 ਟਾਂਕੇ ਹੱਥ ਤੇ ਲੱਗੇ। ਬਠਿੰਡਾ ਵਿਖੇ ਇਕ ਬੱਚੇ ਦਾ ਕੰਨ ਚਾਇਨਾ ਡੋਰ ਕਰਕੇ ਕੱਟਿਆ ਗਿਆ । ਐਕਟਿਵਾ ਸਵਾਰ ਮਹਿਲਾ ਚਾਈਨਾ ਡੋਰ ਦੀ ਲਪੇਟ ਵਿੱਚ ਆ ਜਾਣ ਕਾਰਨ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ। ਇਹ ਸਿੰਥੈਟਿਕ ਧਾਗਾ, ਮਨੁੱਖ ਤੇ ਪੰਛੀਆਂ ਲਈ ਵਧੇਰੇ ਘਾਤਕ ਹੈ। ਕਈ ਦੱਸਦੇ ਹਨ ਕਿ ਇਹ ਧਾਗਾ ਚੀਨ 'ਚ ਨਹੀਂ ,ਭਾਰਤ ਵਿੱਚ ਹੀ ਵੱਡੀ ਮਾਤਰਾ ਵਿੱਚ ਵਿਕਦਾ ਹੈ। ਇਹ ਪਲਾਸਟਿਕ ਤੇ ਹੋਰ ਕੈਮੀਕਲ ਪਦਾਰਥਾਂ ਤੋਂ ਤਿਆਰ ਕੀਤੀ ਜਾਂਦੀ ਹੈ। ਨਾਈਲੋਨ ਦੀ ਵੀ ਇਸ ਵਿੱਚ ਵਰਤੋਂ ਕੀਤੀ ਜਾਂਦੀ ਹੈ। ਅਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹਾਂ ,ਸੁਣਦੇ ਹਾਂ ਕਿ ਚਾਇਨਾ ਡੋਰ ਨਾਲ ਕਿੰਨੇ ਪੰਛੀਆਂ ਦੀ ਮੌਤ ਹੋ ਗਈ । ਕਈ ਮਨੁੱਖ ਵੀ ਇਸ ਦਾ ਸ਼ਿਕਾਰ ਹੋਏ, ਕਈਆਂ ਨੂੰ ਆਪਣੀ ਜਾਨ ਤੱਕ ਗੁਆਉਣੀ ਪਈ ।ਹੁਣ ਤਾਂ ਲੋਕ ਆਨਲਾਈਨ ਵੀ ਚਾਈਨਾ ਡੋਰ ਨੂੰ ਮੰਗਵਾ ਲੈਂਦੇ ਹਨ।ਜੋ ਚਾਈਨਾ ਡੋਰ ਹੁੰਦੀ ਹੈ ਇਹ ਸਿੰਥੈਟਿਕ , ਨਾਈਲੋਨ ਧਾਗੇ ਦੀ ਬਣੀ ਹੁੰਦੀ ਹੈ।ਪਿਛਲੇ ਸਾਲ ਖੰਨਾ ਸ਼ਹਿਰ ਵਿਚ ਅਜਿਹੀ ਵਾਰਦਾਤ ਹੋਈ ਕਿ ਬੱਚੇ ਦੀ ਗਰਦਨ ਵਢੀ ਗਈ। ਹਾਲਾਂਕਿ ਉਸ ਦੀ ਜਾਨ ਬਚ ਗਈ ,ਫਿਰ ਵੀ ਉਸਦੀ ਗਰਦਨ ਤੇ 40 ਦੇ ਕਰੀਬ ਟਾਂਕੇ ਲੱਗੇ। ਪੰਛੀਆਂ ਲਈ ਵੀ ਇਹ ਮੌਤ ਦਾ ਕਾਰਨ ਬਣਨ ਲੱਗ ਪਈ ਹੈ।ਲੋਕ ਇਸ ਨੂੰ ਅਜਿਹੀ ਜਗ੍ਹਾ ਸੁੱਟ ਦਿੰਦੇ ਹਨ ਤੇ ਕਈ ਵਾਰ ਪੰਛੀ ਚੋਗਾ ਚੁਗਦੇ ਹੋਏ ਇਸ ਵਿੱਚ ਫਸ ਜਾਂਦੇ ਹਨ ਤੇ ਉਨ੍ਹਾਂ ਦੇ ਪੈਰਾਂ ਤੇ ਗਰਦਨ ਵਿੱਚ ਡੋਰ ਫਸਣ ਕਾਰਨ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਕਈ ਵਾਰ ਅਸੀਂ ਜ਼ਖਮੀ ਹੋਏ ਪੰਛੀ ਵੀ ਦੇਖਦੇ ਹਨ।ਅਕਸਰ ਜਦੋਂ ਸ਼ਾਮ ਦਾ ਵੇਲਾ ਹੁੰਦਾ ਹੈ ਤਾਂ ਪੰਛੀ ਆਪਣੇ ਘਰਾਂ ਨੂੰ ਪਰਤ ਰਹੇ ਹੁੰਦੇ ਹਨ ਤਾਂ ਜਦੋਂ ਪਤੰਗ ਉਡ ਰਹੀ ਹੁੰਦੀ ਹੈ ਤਾਂ ਉਹ ਪੰਛੀ ਡੋਰ ਦੀ ਲਪੇਟ ਵਿੱਚ ਆ ਜਾਂਦੇ ਹਨ। ਜਿਸ ਕਾਰਨ ਉਹ ਝੁਲਸ ਜਾਂਦੇ ਹਨ। ਇਹ ਜੋ ਨਾਈਲੋਨ ਦਾ ਧਾਗਾ ਹੁੰਦਾ ਹੈ ਇਹ ਆਸਾਨੀ ਨਾਲ ਟੁੱਟਦਾ ਵੀ ਨਹੀਂ ਹੈ। ਅਕਸਰ ਜਦੋਂ ਪਤੰਗ ਚੜਾਏ ਜਾਂਦੇ ਹਨ ਤਾਂ ਇੱਕ ਦੂਜੇ ਨਾਲ ਮੁਕਾਬਲਾ ਹੁੰਦਾ ਹੈ। ਇੱਕ ਦੂਜੇ ਨੂੰ ਇਹ ਹੁੰਦਾ ਹੈ ਕਿ ਮੈਂ ਦੂਜੇ ਦੀ ਪਤੰਗ ਕੱਟਾਂ। ਕੱਚ ਵਰਗੀ ਇਹ ਡੋਰ ਹੁੰਦੀ ਹੈ। ਪ੍ਰਸ਼ਾਸ਼ਨ ਨੂੰ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ। ਅਜਿਹੇ ਦੁਕਾਨਦਾਰ ਜੋ ਡੋਰ ਵੇਚਦੇ ਹਨ, ਉਨਾਂ ਤੇ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਸਾਲ 2016 ਵਿੱਚ ਚਾਈਨਾ ਡੋਰ ਦੇ ਉਤਪਾਦਨ , ਵਿਕਰੀ ਤੇ ਮੁਕੰਮਲ ਪਾਬੰਦੀ ਲਗਾਈ ਸੀ। ਐਨਜੀਟੀ ਮੁਤਾਬਕ ਜੇ ਕੋਈ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਪੰਜ ਸਾਲ ਦੀ ਸਜ਼ਾ ਤੇ ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਹੋ ਸਕਦਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਰਾਹੀਂ ਵੀ ਜੇ ਕੋਈ ਚਾਈਨਾ ਡੋਰ ਦੀ ਵਿਕਰੀ ਕਰਦਾ ਹੈ ਤਾਂ ਉਸ ਖਿਲਾਫ ਵੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਹਾਲਾਂਕਿ ਸੂਬੇ ਦੇ ਮੁੱਖ ਮੰਤਰੀ ਵੱਲੋਂ ਸਾਰੇ ਹੀ ਜ਼ਿਲ੍ਹਿਆਂ ਦੇ ਉੱਚ ਅਧਿਕਾਰੀ, ਡਿਪਟੀ ਕਮਿਸ਼ਨਰਾਂ ਨੂੰ ਸਖ਼ਤ ਆਦੇਸ਼ ਦਿੱਤੇ ਹਨ ਕਿ ਜੋ ਹੁਕਮਾਂ ਦੇ ਖ਼ਿਲਾਫ਼ ਚਲਦੇ ਹਨ, ਉਹਨਾਂ ਖ਼ਿਲਾਫ਼ ਕਾਰਵਾਈ ਕਰੋ।ਸਮਾਜਿਕ ਜਥੇਬੰਦੀਆਂ ਵਲੋਂ ਕਾਲੀਆਂ ਪੱਟੀਆਂ ਬੰਨ੍ਹ ਕੇ ਡੋਰ ਵੇਚਣ ਵਾਲਿਆਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਜਾਂਦਾ ਹੈ । ਅਜਿਹੇ ਦੁਕਾਨਦਾਰਾਂ ਨੂੰ ਬਿਲਕੁਲ ਵੀ ਅਸਰ ਨਹੀਂ ਹੁੰਦਾ।ਜ਼ਿਲ੍ਹਾ ਪੱਧਰ ਤੇ ਜਾਂ ਸਕੂਲਾਂ ਵਿੱਚ ਪ੍ਰਿੰਸੀਪਲਾਂ ਵੱਲੋਂ ਸੈਮੀਨਾਰ ਲਗਾ ਕੇ ਬੱਚਿਆਂ ਨੂੰ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਨੁਮਾਇੰਦਿਆਂ ਵੱਲੋਂ ਵੀ ਲੋਕ ਸਭਾ ਵਿੱਚ ਇਹ ਮੁੱਦਾ ਬੜੇ ਹੀ ਜ਼ੋਰ ਸ਼ੋਰ ਨਾਲ ਚੁੱਕਣਾ ਚਾਹੀਦਾ ਹੈ।ਚਾਈਨਾ ਡੋਰ ਪਲਾਸਟਿਕ ਦੀ ਬਣੀ ਹੋਣ ਕਾਰਨ ਟੁੱਟਦੀ ਵੀ ਨਹੀਂ ਹੈਂ ਤੇ ਜਿੱਥੇ ਵੀ ਸਰੀਰ ਨਾਲ ਛੂੰਹਦੀ ਹੈ, ਕੱਟ ਦਿੰਦੀ ਹੈ।ਨਾਲ ਲਗਦੇ ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਦੇ ਲਾਹੌਰ ਵਿੱਚ ਪੂਰਨ ਤੌਰ ਤੇ ਪਤੰਗ ਉਡਾਉਣ ਤੇ ਪਾਬੰਦੀ ਹੈ। ਹਾਲਾਂਕਿ ਚਾਹੇ ਪੰਜਾਬ ਵਿੱਚ ਚਾਈਨਾ ਡੋਰ ਤਿਆਰ ਨਹੀਂ ਕੀਤੀ ਜਾਂਦੀ, ਪਰ ਪਿੰਡਾਂ ਵਿੱਚ ਦੁਕਾਨਾਂ ਤੇ ਆਮ ਵਿਕਦੀ ਦੇਖੀ ਜਾ ਸਕਦੀ ਹੈ।ਬਸੰਤ ਪੰਚਮੀ ਦਾ ਤਿਉਹਾਰ ਖ਼ੁਸ਼ੀ ਨਾਲ ਮਨਾਉਣਾ ਚਾਹੀਦਾ ਹੈ। ਪਤੰਗ ਜ਼ਰੂਰ ਉਡਾਓ, ਪਰ ਖ਼ਤਰਨਾਕ ਡੋਰ ਦਾ ਪ੍ਰਯੋਗ ਬਿਲਕੁਲ ਵੀ ਨਾ ਕਰੋ ।ਆਓ ਅਸੀਂ ਰਲ-ਮਿਲ ਕੇ ਇਸ ਸਮੱਸਿਆ ਦੇ ਹੱਲ ਲਈ ਯਤਨ ਕਰੀਏ।



**ਸੰਜੀਵ ਸਿੰਘ ਸੈਣੀ, ਮੋਹਾਲੀ,7888966168**

# ਇੱਕ ਖੇਤ , ਦੋ ਫ਼ਲਦਾਰ ਪੌਦੇ

ਇਨਸਾਨ ਜੇਕਰ ਵਾਤਾਵਰਨ ਦੀ ਸ਼ੁੱਧਤਾ ਦੇ ਲਈ ਆਪਣਾ ਛੋਟਾ ਜਿਹਾ ਉਪਰਾਲਾ ਵੀ ਕਰੇ ਤਾਂ ਬਹੁਤ ਕੁਝ ਹੋ ਸਕਦਾ ਹੈ ਤੇ ਗੰਧਲੇ ਹੋ ਚੁੱਕੇ ਵਾਤਾਵਰਨ ਨੂੰ ਸੁੰਦਰ ਤੇ ਹਰਾ - ਭਰਾ ਬਣਾਇਆ ਜਾ ਸਕਦਾ ਹੈ। ਪਿੰਡਾਂ ਵਿੱਚ ਅਕਸਰ ਕਿਸਾਨਾਂ ਕੋਲ਼ ਖੇਤੀ ਲਈ ਜਮੀਨ ਹੁੰਦੀ ਹੈ। ਜਿੱਥੇ ਅਕਸਰ ਖੇਤੀ ਕੀਤੀ ਜਾਂਦੀ ਹੈ ਜਾਂ ਕੋਈ - ਕੋਈ ਇੱਥੇ ਘਰ ਲਈ ਜਾਂ ਵੇਚਣ ਲਈ ਸਬਜ਼ੀ ਦੀ ਪੈਦਾਵਾਰ ਵੀ ਕਰ ਲੈਂਦਾ ਹੈ। ਇਹ ਬਹੁਤ ਚੰਗਾ ਵੀ ਹੈ। ਇਸੇ ਵਾਹੀਯੋਗ ਜਮੀਨ 'ਤੇ ਜੇਕਰ ਫਸਲਾਂ ਤੇ ਸਬਜ਼ੀਆਂ ਦੀ ਪੈਦਾਵਾਰ ਕਰਨ ਦੇ ਨਾਲ - ਨਾਲ ਢੁੱਕਵੀਂ ਥਾਂ ਜਾਂ ਟਿਊਬਵੈੱਲ/ ਖਾਲ਼ ਦੇ ਨਜ਼ਦੀਕ ਘੱਟੋ - ਘੱਟ ਦੋ ਫਲਦਾਰ ਪੌਦੇ ਲਗਾ ਲਏ ਜਾਣ ਤੇ ਉਨ੍ਹਾਂ ਦੀ ਸਹੀ ਢੰਗ ਨਾਲ ਹਿਫਾਜ਼ਤ ਕਰਕੇ ਉਹਨਾਂ ਨੂੰ ਵੱਡਾ ਕਰ ਲਿਆ ਜਾਵੇ ਤਾਂ ਜਿੱਥੇ ਇਹ ਦੋ ਪੌਦੇ ਇੱਕ ਦਿਨ ਵੱਡੇ ਰੁੱਖ ਬਣ ਕੇ ਪ੍ਰਾਣਵਾਯੂ ਆਕਸੀਜਨ ਦਾ ਸਰੋਤ ਤਾਂ ਬਣਨਗੇ ਹੀ , ਉੱਥੇ ਹੀ ਖੇਤ ਮਾਲਿਕ ਤੇ ਹੋਰ ਜੀਆਂ ਨੂੰ ਸ਼ੁੱਧ ਤੇ ਸੁਆਦਲੇ ਫ਼ਲ ਵੀ ਦੇਣਗੇ। ਜੋ ਕਿ ਘਰ - ਪਰਿਵਾਰ ਦੀ ਚੰਗੀ ਸਿਹਤ ਅਤੇ ਖੁਸ਼ੀ ਤੇ ਸਕੂਨ ਦਾ ਸੋਮਾ ਵੀ ਬਣਨਗੇ। ਆਪਣੇ ਖੇਤ ਵਿੱਚ ਪੈਦਾ ਹੋਏ ਫਲ ਪ੍ਰਾਪਤ ਕਰਕੇ ਹਰ ਕੋਈ ਬਹੁਤ ਅਨੰਦ ਤੇ ਸੰਤੋਖ ਮਹਿਸੂਸ ਕਰਦਾ ਹੈ। ਜੇਕਰ ਸਾਡੇ ਕੋਲ ਦੋ ਫਲਦਾਰ ਪੌਦੇ ਲਗਾਉਣ ਲਈ ਘਰ ਜਾਂ ਖੇਤ ਵਿੱਚ ਥੋੜ੍ਹੀ ਜਿਹੀ ਵੀ ਥਾਂ ਹੈ ਤਾਂ ਇਹ ਛੋਟਾ ਜਿਹਾ ਉਪਰਾਲਾ ਕਰਕੇ ਵਾਤਾਵਰਨ ਅਤੇ ਆਪਣੇ ਘਰ - ਪਰਿਵਾਰ ਵਿੱਚ ਖੁਸ਼ਹਾਲੀ ਲਿਆਉਣੀ ਚਾਹੀਦੀ ਹੈ। ਜੇਕਰ ਹਰ ਕੋਈ ਇਸ ਉਪਰਾਲੇ ਨੂੰ ਅਪਣਾ ਲਵੇ ਤਾਂ ਇਸ ਦੇ ਨਤੀਜੇ ਬਹੁਤ ਹੀ ਚੰਗੇ ਅਤੇ ਇਨਸਾਨ ਤੇ ਵਾਤਾਵਰਨ ਦੇ ਹਿੱਤ ਵਿੱਚ ਹੋਣਗੇ।

" ਇੱਕ ਖੇਤ , ਦੋ ਫਲਦਾਰ ਰੁੱਖ<br>
ਉਪਰਾਲਾ ਇਹ ਭਾਵੇਂ ਛੋਟਾ ,<br>
ਪਰ ਕੱਟਗਾ ਸਾਡੇ ਦੁੱਖ। "







**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
( ਸ੍ਰੀ ਅਨੰਦਪੁਰ ਸਾਹਿਬ )
ਸਾਹਿਤ ਵਿੱਚ ਕੀਤੇ ਗਏ ਵਿਸ਼ੇਸ਼ ਕਾਰਜਾਂ ਦੇ ਲਈ ਲੇਖਕ ਦਾ ਨਾਂ ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦੋ ਵਾਰ ਦਰਜ ਹੋ ਚੁੱਕਿਆ ਹੈ ) 9478561356

# ਕਾਟੋ ਨੇ ਸਿਖਾਈ ਜ਼ਿੰਦਗੀ ਦੀ ਮਹੁੱਬਤ



ਸਰਦੀਆਂ ਦੀਆਂ ਛੁੱਟੀਆਂ ਮਗਰੋਂ ਕਾਲਜ ਦਾ ਪਹਿਲਾ ਦਿਨ ਸੀ। ਸਵੇਰ ਦੀ ਹਵਾ 'ਚ ਹੌਲੀ-ਹੌਲੀ ਠੰਡ ਦੇ ਬੁੱਲ੍ਹੇ ਆ ਰਹੇ ਸਨ। ਮੈਂ ਅੱਜ ਇੱਕ ਮਹੀਨੇ ਬਾਅਦ ਆਪਣੇ ਪਸੰਦੀਦਾ ਪਾਰਕ ਵਿੱਚ ਗਈ। ਇਹ ਪਾਰਕ ਉਹੀ ਸੀ, ਜਿੱਥੇ ਮੈਂ ਅਕਸਰ ਆਪਣਾ ਦੁਪਹਿਰ ਦਾ ਖਾਣਾ ਖਾਂਦੀ ਸੀ। ਪਰ ਇਸ ਵਾਰ ਇੱਕ ਅਜੀਬੋ-ਗਰੀਬ ਘਟਨਾ ਹੋਈ। ਜਦੋਂ ਮੈਂ ਪਾਰਕ ਦੇ ਇੱਕ ਕੋਨੇ ਵਿੱਚ ਬੈਠ ਕੇ ਖਾਣਾ ਕੱਢਿਆ, ਓਦੋਂ ਮੇਰੀ ਇੱਕ ਜਾਣੀ - ਪਹਿਚਾਣੀ ਗਿਲਹਰੀ, ਜਿਸ ਨੂੰ ਮੈਂ ਕਾਟੋ ਕਹਿੰਦੀ ਸੀ, ਦੂਰੋਂ ਦੌੜਦੀ ਆਉਂਦੀ ਦਿੱਸ ਗਈ। ਮੈਨੂੰ ਉਹ ਦਿਨ ਯਾਦ ਆ ਗਿਆ ਜਦੋਂ ਮੈਂ ਕੁਝ ਮਹੀਨੇ ਪਹਿਲਾਂ ਆਪਣੀਆਂ ਅੱਖਾਂ ਸਾਹਮਣੇ ਉਸਨੂੰ ਦਿਲੋਂ ਭੁੱਖ ਨਾਲ ਮੰਗਦੇ ਹੋਏ ਦੇਖਿਆ ਸੀ। ਮੈਂ ਕਈ ਵਾਰ ਉਸਨੂੰ ਕੁਝ ਨਾ ਕੁਝ ਖਾਣ ਨੂੰ ਦੇਂਦੀ। ਕਾਟੋ ਹਰ ਵਾਰ ਬਹੁਤ ਖੁਸ਼ ਹੋ ਕੇ ਮੇਰੇ ਕੋਲ ਆਉਂਦੀ, ਖਾਣਾ ਖਾਂਦੀ ਤੇ ਫਿਰ ਹੌਲੀ-ਹੌਲੀ ਆਪਣੇ ਰਸਤੇ ਚੱਲ ਪੈਂਦੀ। ਪਰ ਅੱਜ ਉਹ ਦਿਨ ਵੱਖਰਾ ਸੀ। ਇੱਕ ਲੰਬੇ ਸਮੇਂ ਬਾਅਦ ਉਹ ਮੈਨੂੰ ਇੱਕ ਵਾਰ ਫੇਰ ਮਿਲੀ। ਜਿਵੇਂ ਹੀ ਉਹ ਦੌੜਦੀ ਹੋਈ ਮੇਰੇ ਕੋਲ ਆਈ, ਉਸ ਦੀਆਂ ਅੱਖਾਂ ਖੁਸ਼ੀ ਅਤੇ ਪ੍ਰੇਮ ਨਾਲ ਭਰੀਆਂ ਹੋਈਆਂ ਸਨ। ਉਸਨੇ ਆਪਣਾ ਮੁੱਥਾ ਮੇਰੇ ਪੈਰਾਂ ਨਾਲ ਰਗੜਿਆ ਅਤੇ ਭੱਜ ਕੇ ਮੇਰੀ ਗੋਦ ਵਿੱਚ ਬੈਠ ਗਈ ਜਿਵੇਂ ਉਹ ਆਪਣਾ ਧੰਨਵਾਦ ਪ੍ਰਗਟ ਕਰ ਰਹੀ ਹੋਵੇ। ਮੈਨੂੰ ਅਹਿਸਾਸ ਹੋਇਆ ਕਿ ਕਾਟੋ ਸਿਰਫ ਖਾਣ ਲਈ ਹੀ ਨਹੀਂ, ਸਗੋਂ ਪਿਆਰ ਲਈ ਵੀ ਮੇਰੇ ਕੋਲ ਆਉਂਦੀ ਸੀ।

ਮੈਂ ਖਾਣੇ ਵਿੱਚੋਂ ਇੱਕ ਟੁੱਕੜਾ ਤੋੜ ਕੇ ਉਸਨੂੰ ਦਿੱਤਾ। ਉਹ ਖਾਣੇ ਵਿੱਚ ਤਾਂ ਦਿਲਚਸਪੀ ਦਿਖਾ ਰਹੀ ਸੀ, ਪਰ ਉਸਦੀ ਅੱਖਾਂ ਵਿੱਚ ਇੱਕ ਅਜਿਹਾ ਰਿਸ਼ਤਾ ਝਲਕ ਰਿਹਾ ਸੀ ਜੋ ਸਿਰਫ ਪਿਆਰ ਤੇ ਵਫ਼ਾਦਾਰੀ ਦੇ ਆਧਾਰ ਤੇ ਖੜਾ ਸੀ। ਕਾਟੋ ਦੀਆਂ ਹਰਕਤਾਂ ਨੇ ਮੇਰੇ ਦਿਲ ਨੂੰ ਛੂਹ ਲਿਆ। ਮੈਨੂੰ ਅਹਿਸਾਸ ਹੋਇਆ ਕਿ ਇਨਸਾਨੀ ਜ਼ਿੰਦਗੀ ਚਾਹੇ ਕਿੰਨੀ ਵੀ ਵਿਅਸਤ ਹੋਵੇ, ਪਰ ਕੁਝ ਰਿਸ਼ਤੇ ਸਿਰਫ ਸਾਦਗੀ ਅਤੇ ਸੱਚਾਈ ਨਾਲ ਹੀ ਚਲਦੇ ਹਨ।

ਉਹ ਦਿਨ ਮੇਰੇ ਲਈ ਖਾਸ ਹੋ ਗਿਆ। ਕਾਟੋ ਮੈਨੂੰ ਯਾਦ ਕਰ ਰਹੀ ਸੀ, ਜਿਵੇਂ ਮੈਂ ਉਸਦੇ ਦਿਨ ਦਾ ਇੱਕ ਅਹਿਮ ਹਿੱਸਾ ਸੀ। ਉਹ ਮੈਨੂੰ ਇਹ ਸਿੱਖਾ ਗਈ ਕਿ ਰਿਸ਼ਤੇ ਸਿਰਫ ਦੇਣ ਜਾਂ ਲੈਣ ਦੀ ਗੱਲ ਹੀ ਨਹੀਂ ਹੁੰਦੇ, ਸਗੋਂ ਇੱਕ ਦੂਜੇ ਲਈ ਮੌਜੂਦ ਰਹਿਣੇ ਦੀ ਮਹੱਤਤਾ ਵਿੱਚ ਵੀ ਵੱਸਦੇ ਹਨ।

ਮੈਂ ਉਸਨੂੰ ਅੱਜ ਵਾਅਦਾ ਕੀਤਾ ਕਿ ਹੁਣ ਮੈਂ ਹਰ ਰੋਜ਼ ਕਾਲਜ ਤੋਂ ਅੱਧੀ ਛੁੱਟੀ ਦੇ ਵਕਤ ਉਸਨੂੰ ਮਿਲਣ ਜਰੂਰ ਆਵਾਂਗੀ। ਕਾਟੋ ਨੇ ਆਪਣੀ ਬਹੁਤ ਹੀ ਨਿੱਕੀਆਂ ਜਹੀਆਂ ਅੱਖਾਂ ਨਾਲ ਮੇਰੇ ਵਾਅਦੇ ਨੂੰ ਸਵੀਕਾਰ ਕਰ ਲਿਆ। ਉਸਦੇ ਜਜਬਾਤਾਂ ਨੇ ਮੇਰੀ ਜ਼ਿੰਦਗੀ ਵਿੱਚ ਇੱਕ ਨਵਾਂ ਰੰਗ ਭਰ ਦਿੱਤਾ।

ਅਗਲੇ ਕੁਝ ਮਿੰਟ ਤੱਕ ਉਸਦੇ ਨਾਲ ਸਾਂਝੇ ਕੀਤੇ ਪਲ ਮੇਰੇ ਲਈ ਬੇਮਿਸਾਲ ਸਨ। ਜਿਸ ਤੋਂ ਮੈਨੂੰ ਇਹ ਸਿਖਿਆ ਮਿਲੀ ਕਿ ਜੇਕਰ ਕੋਈ ਤੁਹਾਡੇ ਉੱਤੇ ਭਰੋਸਾ ਕਰੇ, ਤਾਂ ਉਸ ਭਰੋਸੇ ਨੂੰ ਕਦੇ ਵੀ ਟੁੱਟਣ ਨਾ ਦਿਓ। ਉਹ ਛੋਟੀ ਜਹੀ ਕਾਟੋ ਮੇਰੇ ਲਈ ਸਿਰਫ ਇੱਕ ਪਾਰਕ ਵਾਲੀ ਸਹੇਲੀ ਨਹੀਂ ਰਹੀ, ਸਗੋਂ ਮੇਰੇ ਦਿਲ ਦਾ ਅਹਿਮ ਹਿੱਸਾ ਵੀ ਬਣ ਗਈ।



**ਪਲਕਪ੍ਰੀਤ ਕੌਰ ਬੇਦੀ**
**ਕੇ.ਐਮ.ਵੀ. ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਜਲੰਧਰ**




# ਸੱਚਦੇਵਾ ਸਟਾਕਸ ਹੁਸ਼ਿਆਰਪੁਰ ਸਾਈਕਲੋਥਾਨ ਸੀਜਨ-5 ਦੀ ਰਜਿਸਟ੍ਰੇਸ਼ਨ ਸ਼ੁਰੂ

## ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਕਰਵਾਈ ਗਈ ਸ਼ੁਰੂਆਤ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਫਿੱਟ ਬਾਈਕਰ ਕਲੱਬ ਹੁਸ਼ਿਆਰਪੁਰ ਵੱਲੋਂ ਕਰਵਾਈ ਜਾ ਰਹੀ ਸੱਚਦੇਵਾ ਸਟਾਕਸ ਹੁਸ਼ਿਆਰਪੁਰ ਸਾਈਕਲੋਥਾਨ ਸੀਜਨ-5 ਦੀ ਰਜਿਸਟ੍ਰੇਸ਼ਨ 14 ਜਨਵਰੀ ਨੂੰ ਸਵੇਰੇ ਹੁਸ਼ਿਆਰਪੁਰ ਤੋਂ ਆਪ ਦੇ ਲੋਕ ਸਭਾ ਮੈਂਬਰ ਡਾ। ਰਾਜ ਕੁਮਾਰ ਚੱਬੇਵਾਲ ਵੱਲੋਂ ਸ਼ੁਰੂ ਕਰਵਾਈ ਗਈ, ਇਸ ਸਮੇਂ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਸੱਚਦੇਵਾ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਰਜਿਸਟ੍ਰੇਸ਼ਨ ਦੀ ਸ਼ੁਰੂਆਤ ਵਿੱਚ ਅੰਤਰਰਾਸ਼ਟਰੀ ਸਾਈਕਲਿਸਟ ਦਲਵੀਰ ਸਿੰਘ ਰੇਹਸੀ ਵੱਲੋਂ ਆਪਣਾ ਨਾਮ ਦਰਜ ਕਰਵਾਇਆ ਗਿਆ। ਇਸ ਮੌਕੇ ਡਾ। ਰਾਜ ਕੁਮਾਰ ਚੱਬੇਵਾਲ ਵੱਲੋਂ ਫਿੱਟ ਬਾਈਕਰ ਕਲੱਬ ਦੇ ਇਸ ਉੱਦਮ ਦੀ ਪ੍ਰਸ਼ੰਸ਼ਾ ਕੀਤੀ ਗਈ ਤੇ ਆਪਣੇ ਵੱਲੋਂ ਪੂਰਨ ਸਹਿਯੋਗ ਦੇਣ ਦਾ ਵਾਅਦਾ ਕੀਤਾ ਗਿਆ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ 6 ਅਪ੍ਰੈਲ ਨੂੰ ਇਹ ਸਾਈਕਲੋਥਾਨ ਕਰਵਾਈ ਜਾ ਰਹੀ ਹੈ ਤੇ ਰਜਿਸਟਰੇਸ਼ਨ ਕਰਾਉਣ ਵਾਲੇ ਪਹਿਲੇ 300 ਸਾਈਕਲਿਸਟ ਹੀ ਇਸ ਸਾਈਕਲੋਥਾਨ ਵਿੱਚ ਭਾਗ ਲੈਣਗੇ ਤੇ ਇਹ ਸਾਈਕਲੋਥਾਨ 100 ਕਿਲੋਮੀਟਰ ਦੀ ਹੋਵੇਗੀ। ਉਨ੍ਹਾਂ ਦੱਸਿਆ ਕਿ ਪੂਰੇ ਦੇਸ਼ ਤੋਂ ਸਾਈਕਲਿਸਟ ਇਸ ਸਾਈਕਲੋਥਾਨ ਵਿੱਚ ਭਾਗ ਲੈਣਗੇ ਤੇ ਇਸ ਲਈ ਰਜਿਸਟਰੇਸ਼ਨ ਫੀਸ 200 ਰੁਪਏ ਰੱਖੀ ਗਈ ਹੈ ਤੇ ਇਸ ਤੋਂ ਜਿਹੜੇ ਪੈਸੇ ਇਕੱਠੇ ਹੋਣਗੇ ਉਸ ਵਿੱਚ ਇਕੱਠੀ ਹੋਈ ਰਕਮ ਦੇ ਬਰਾਬਰ ਹੀ ਰਾਸ਼ੀ ਫਿੱਟ ਬਾਈਕਰ ਕਲੱਬ ਵੱਲੋਂ ਪਾ ਕੇ ਦਾਨ ਕੀਤੀ ਜਾਵੇਗੀ। ਪਰਮਜੀਤ ਸੱਚਦੇਵਾ ਨੇ ਦੱਸਿਆ ਕਿ ਇਸ ਸਾਈਕਲੋਥਾਨ ਵਿੱਚ ਹਿੱਸਾ ਲੈਣ ਵਾਲੇ ਸਾਈਕਲਿਸਟਾਂ ਨੂੰ ਕਲੱਬ ਵੱਲੋਂ ਟੀ-ਸ਼ਰਟ, ਮੈਡਲ ਤੇ ਰਿਫਰੈਸ਼ਮੈਂਟ ਦਿੱਤੀ ਜਾਵੇਗੀ। ਇਸ ਮੌਕੇ ਉੱਤਮ ਸਿੰਘ ਸਾਬੀ, ਮੁਨੀਰ ਨਾਜਰ, ਦੌਲਤ ਸਿੰਘ, ਰੋਹਿਤ ਬਸੀ, ਉਕਾਂਰ ਸਿੰਘ, ਤਰਲੋਚਨ ਸਿੰਘ ਆਦਿ ਵੀ ਮੌਜੂਦ ਸਨ।



**ਸਾਈਕਲੋਥਾਨ ਦੀ ਰਜਿਸਟ੍ਰੇਸ਼ਨ ਸ਼ੁਰੂ ਕਰਵਾਉਣ ਸਮੇਂ ਡਾ। ਰਾਜ ਕੁਮਾਰ ਚੱਬੇਵਾਲ, ਪਰਮਜੀਤ ਸੱਚਦੇਵਾ ਤੇ ਹੋਰ। ਫੋਟੋ ਅਜਮੇਰ ਦੀਵਾਨਾ**

# ਅੰਬੇਡਕਰੀ ਤੇ ਬੁੱਧਿਸਟਾਂ ਨੇ ਵਧੀਕ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਬੋਧ ਗਯਾ ਮਹਾਂ ਬੁੱਧ ਵਿਹਾਰ ਦਾ ਨਿਰੋਲ ਕੰਟਰੋਲ ਬੋਧੀਆਂ ਨੂੰ ਸੌਂਪਣ ਲਈ ਮੈਮੋਰੰਡਮ ਦਿੱਤਾ





**ਜਲੰਧਰ. (ਜੱਸਲ)–** ਅੱਜ ਅੰਬੇਡਕਰੀ ਅਤੇ ਬੁੱਧਿਸਟ ਸ੍ਰੀ ਗੁਰਮੇਲ ਸਿੰਘ ਧੂਰੀ ਅਤੇ ਅਮਰੀਕ ਸਿੰਘ ਐਮ ।ਸੀ। ਧੂਰੀ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਸੰਗਰੂਰ ਰਾਹੀਂ ਮਾਨਯੋਗ ਪ੍ਰਧਾਨ ਮੰਤਰੀ ਜੀ, ਮਾਨਯੋਗ ਦੇਸ਼ ਦੇ ਰਾਸ਼ਟਰਪਤੀ ਜੀ, ਬਿਹਾਰ ਰਾਜ ਦੇ ਮਾਨਯੋਗ ਮੁੱਖ ਮੰਤਰੀ ਜੀ, ਘੱਟ ਗਿਣਤੀਆਂ ਕਮਿਸ਼ਨ ਭਾਰਤ ਸਰਕਾਰ ਨੂੰ ਮੈਮੋਰੰਡਮ ਦਿੱਤਾ ਗਿਆ। ਜਿਸ ਵਿੱਚ ਬੋਧ ਗਯਾ ਮੰਦਰ ਐਕਟ 1949 ਨੂੰ ਰੱਦ ਕਰਨ ਅਤੇ ਬੋਧ ਗਯਾ ਮਹਾ ਬੁੱਧ ਬਿਹਾਰ ਦਾ ਕੰਟਰੋਲ ਨਿਰੋਲ ਬੋਧੀਆਂ ਨੂੰ ਸੌਂਪੇ ਜਾਣ ਦੀ ਮੰਗ ਕੀਤੀ ਗਈ ।ਇਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਤੋਂ ਇਹ ਮੰਗ ਕੀਤੀ ਗਈ ਕਿ ਪੰਜਾਬ ਵਿਚ ਬੁੱਧ ਪੂਰਨਿਮਾ ਦੀ ਸਰਕਾਰੀ ਛੁੱਟੀ ਕੀਤੀ ਜਾਵੇ। ਇਸ ਮੰਗ ਪੱਤਰ 'ਤੇ ਨਵਕਰਨ ਸਿੰਘ, ਤਜਿੰਦਰ ਸਿੰਘ ,ਸਨੀ ਸਿੰਘ, ਜਸਵੀਰ ਸਿੰਘ, ਬਲਵਿੰਦਰ ਸਿੰਘ, ਜਸਵੀਰ ਕੌਰ ,ਕੁਲਵੰਤ ਸਿੰਘ ,ਕਨਵਰਜੀਤ ਸਿੰਘ, ਜਸਕਰਨਦੀਪ ਸਿੰਘ , ਗੁਰਮੇਲ ਸਿੰਘ,ਮਨਜੀਤ ਕੌਰ, ਜਗਦੇਵ ਸਿੰਘ, ਗੁਰਦੇਵ ਸਿੰਘ, ਸਤਿੰਦਰ ਸਿੰਘ,ਕੁਲਦੀਪ ਕੌਰ,ਗੁਰਨਾਮ ਸਿੰਘ, ਚਰਨਜੀਤ ਸਿੰਘ ਕੈਂਥ, ਹਾਕਮ ਸਿੰਘ ਧੂਰੀ , ਰਾਮ ਸਰੂਪ ਧੂਰੀ ਆਦਿ ਅੰਬੇਡਕਰੀ, ਮੂਲ ਨਿਵਾਸੀਆਂ, ਉੱਚੀ ਸੋਚ ਰੱਖਣ ਵਾਲਿਆਂ ਅਤੇ ਬੋਧੀ ਸਾਥੀਆਂ ਨੇ ਦਸਤਖਤ ਕਰਕੇ ਆਪਣਾ ਸਮਰਥਨ ਦਿੱਤਾ।

# ਰਿਸ਼ਤੇ ਅਤੇ ਵਿਸ਼ਵਾਸ



ਰਿਸ਼ਤਿਆਂ ਵਿੱਚ ਵਿਸ਼ਵਾਸ ਦੀ ਇੱਕ ਨਾਜ਼ੁਕ ਪਰ ਮਜ਼ਬੂਤ ਤੰਦ ਹੁੰਦੀ ਹੈ। ਇਹ ਤੰਦ ਹੈ ਜੋ ਰਿਸ਼ਤੇ ਨੂੰ ਜੋੜੀ ਰੱਖਦੀ ਹੈ। ਪਰ ਜੇਕਰ ਕੋਈ ਰਿਸ਼ਤਾ ਛੋਟੀ ਜਿਹੀ ਗਲਤ ਫਹਿਮੀ ਦਾ ਭਾਰ ਨਹੀਂ ਝੱਲ ਸਕਦਾ ਤਾਂ ਅਜਿਹੇ ਰਿਸ਼ਤੇ ਦਾ ਟੁੱਟ ਜਾਣਾ ਹੀ ਬਿਹਤਰ ਹੈ। ਜਦੋਂ ਤੁਸੀਂ ਕਿਸੇ ਦੀ ਸੁਣੀ ਸੁਣਾਈ ਗੱਲ ਤੇ ਯਕੀਨ ਕਰਕੇ ਆਪਣੇ ਪਿਆਰੇ ਜਾਂ ਸਨੇਹੀ ਤੇ ਸ਼ੱਕ ਕਰਦੇ ਹੋ ਤਾਂ ਅਸਲ ਵਿੱਚ ਤੁਸੀਂ ਇਹ ਸਾਬਤ ਕਰਦੇ ਹੋ ਕਿ ਰਿਸ਼ਤੇ ਵਿੱਚ ਤੰਦ ਮਜ਼ਬੂਤ ਨਹੀਂ ਹੈ। ਜਿੱਥੇ ਭਰੋਸਾ ਹੋਵੇ ਉੱਥੇ ਸ਼ੱਕ ਦੀ ਗੁੰਜਾਇਸ਼ ਹੀ ਨਹੀਂ ਹੁੰਦੀ। ਤੁਹਾਡਾ ਯਕੀਨ ਜੇਕਰ ਇੰਨਾ ਕੱਚਾ ਹੈ ਕਿ ਕਿਸੇ ਦੀ ਇੱਕ ਗੱਲ ਸੁਣ ਕੇ ਟੁੱਟ ਜਾਂਦਾ ਹੈ ਤਾਂ ਇਸਦਾ ਟੁੱਟ ਜਾਣਾ ਹੀ ਬਿਹਤਰ ਹੈ। ਜਦੋਂ ਅਸੀਂ ਆਪਣੇ ਪਿਆਰੇ ਜਾਂ ਮਿੱਤਰ ਨੂੰ ਜਾਣਦੇ ਹਾਂ ਸਮਝਦੇ ਹਾਂ ਤਾਂ ਸਾਨੂੰ ਉਸ ਬਾਰੇ ਕੋਈ ਸ਼ੱਕ ਸ਼ੁਭਾਅ ਹੋਣਾ ਹੀ ਨਹੀਂ ਚਾਹੀਦਾ। ਕਿ ਮਨੁੱਖ ਨੂੰ ਆਪਣੇ ਨਜ਼ਦੀਕੀ ਲੋਕਾਂ ਬਾਰੇ ਪਤਾ ਨਹੀਂ ਹੁੰਦਾ? ਕੀ ਉਹ ਨਹੀਂ ਜਾਣਦਾ ਕਿ ਉਹ ਕਿਸ ਹੱਦ ਤੱਕ ਜਾ ਸਕਦੇ ਹਨ? ਆਪਣੇ ਪ੍ਰਤੀ ਉਨਾਂ ਦੀ ਸੋਚ ਬਾਰੇ ਕਿ ਉਸਨੂੰ ਜਾਣਕਾਰੀ ਨਹੀਂ ਹੁੰਦੀ। ਜੇਕਰ ਇਹ ਸਭ ਨਹੀਂ ਹੁੰਦਾ ਤਾਂ ਫਿਰ ਰਿਸ਼ਤਾ ਮਜਬੂਤ ਨਹੀਂ ਹੈ। ਕੱਚੇ ਪੱਕੇ ਜਿਹੇ ਰਿਸ਼ਤੇ ਜ਼ਿੰਦਗੀ ਨੂੰ ਤਕਲੀਫ ਜਿਆਦਾ ਦਿੰਦੇ ਹਨ। ਕੋਈ ਰਿਸ਼ਤਾ ਜਿਸ ਦਾ ਹਰ ਵੇਲੇ ਟੁੱਟਣ ਦਾ ਡਰ ਬਣਿਆ ਰਵੇ ਉਹ ਜਾਣ ਦਾ ਖੌ ਬਣ ਜਾਂਦਾ ਹੈ। ਬੰਦਾ ਹਰ ਵੇਲੇ ਸਹਿ-ਮਆ ਹੀ ਰਹਿੰਦਾ ਹੈ ਹੈ ਕਿ ਮੇਰਾ ਆਪਣਾ ਪਿਆਰਾ ਪਤਾ ਨਹੀਂ ਕਿਸ ਗੱਲ ਤੇ ਨਾਰਾਜ਼ ਹੋ ਜਾਵੇ। ਪਤਾ ਨਹੀਂ ਕਦੋਂ ਕਿਸੇ ਦੀ ਚੱਕ ਵਿੱਚ ਆ ਕੇ ਕੋਈ ਫੈਸਲਾ ਲੈ ਲਵੇ। ਯਕੀਨ ਹੋਵੇ ਤਾਂ ਇਨਾ ਕਿ ਪਰਮਾਤਮਾ ਵੀ ਆ ਕੇ ਕਹੇ ਤਾਂ ਬੰਦਾ ਮੰਨੇ ਨਾ। ਇਹੀ ਤਾਂ ਹੁੰਦਾ ਹੈ ਯਕੀਨ। ਜਿਹੜਾ ਨਿੱਕੀ ਜਿਹੀ ਗਲਤ ਫਹਿਮੀ ਨਾਲ ਇੱਕ ਪਹਾੜ ਖੜਾ ਕਰ ਲਵੇ ਦੋਹਾਂ ਦੇ ਦਰਮਿਆਨ ਉਸਨੂੰ ਯਕੀਨ ਕਿੱਥੇ ਹੈ। ਉਹ ਤਾਂ ਸਿਰਫ ਯਕੀਨ ਦੇ ਭੁਲੇਖਿਆਂ ਵਿੱਚ ਜੀ ਰਿਹਾ ਹੈ। ਪਰਮਾਤਮਾ ਕਿਹੜਾ ਕਿਸੇ ਨੇ ਦੇਖਿਆ ਹੈ। ਉਹ ਵੀ ਤਾਂ ਇੱਕ ਯਕੀਨ ਹੀ ਹੈ। ਉਸ ਤੇ ਅਸੀਂ ਕਦੀ ਸ਼ੱਕ ਨਹੀਂ ਕਰਦੇ। ਸਾਡਾ ਦਿਲ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਪਰਮ-ਾਤਮਾ ਜੋ ਕਰੇਗਾ ਠੀਕ ਹੀ ਕਰੇਗਾ। ਕਿਸੇ ਵੀ ਮੁਸੀਬਤ ਵਿੱਚ ਅਸੀਂ ਉਸ ਨੂੰ ਧਿਆਉਂਦੇ ਹਾਂ। ਇਹ ਹੁੰਦਾ ਹੈ ਯਕੀਨ। ਇਸ ਗੱਲ ਦਾ ਧਿਆਨ ਰੱਖੋ ਕਿ ਜਿਸ ਰਿਸ਼ਤੇ ਵਿੱਚ ਗਲਤ ਫਹਿਮੀ ਤਰੇੜ ਪਾ ਦਿੰਦੀ ਹੈ ਉਹ ਰਿਸ਼ਤਾ ਜ਼ਿੰਦਗੀ ਲਈ ਪਰੇਸ਼ਾਨੀ ਹੀ ਰਹਿੰਦਾ ਹੈ। ਚਾਹੀਦਾ ਤਾਂ ਇਹ ਹੈ ਕਿ ਜਦੋਂ ਆਪਣਿਆਂ ਦੇ ਖਿਲਾਫ ਕੋਈ ਬੋਲੇ ਤਾਂ ਉਹਨਾਂ ਦੀ ਗੱਲ ਤੇ ਯਕੀਨ ਕਰਨ ਦੀ ਬਜਾਏ ਉਹਨਾਂ ਨੂੰ ਇਹ ਦੱਸਿਆ ਜਾਵੇ ਕਿ ਮੈਨੂੰ ਆਪਣਿਆਂ ਤੇ ਭਰੋਸਾ ਹੈ। ਤੁਹਾਡੇ ਇਹਨਾਂ ਬੇਬੁਦਨਿਆਦ ਇਲਜ਼ਾਮਾਂ ਨਾਲ ਮੇਰਾ ਮਨ ਨਹੀਂ ਬਦਲੇਗਾ। ਪਰ ਅਕਸਰ ਹੁੰਦਾ ਇਸ ਦੇ ਉਲਟ ਹੈ। ਝੂਠੇ ਤੇ ਬੇਬੁਨਿਆਦ ਇਲਜ਼ਾਮਾਂ ਦੇ ਸਿਰ ਤੇ ਸੱਚੇ ਰਿਸ਼ਤੇ ਦਮ ਤੋੜ ਦਿੰਦੇ ਹਨ। ਸੱਚਾ ਬੰਦਾ ਇਸ ਕਰਕੇ ਚੁੱਪ ਹੁੰਦਾ ਹੈ ਕਿ ਕੀ ਸਬੂਤ ਦੇਵੇ। ਭਲਾ ਕਦੀ ਸੱਚਾਈ ਦੇ ਵੀ ਸਬੂਤ ਹੁੰਦੇ ਹਨ। ਸੱਚ ਤਾਂ ਸੱਚ ਹੀ ਹੈ। ਸਾਬਤ ਝੂਠ ਨੂੰ ਕਰਨਾ ਪੈਂਦਾ। ਅੱਜ ਦੇ ਇਸ ਨਿਰਮੋਹੇ ਸਮੇਂ ਵਿੱਚ ਇਸ ਗੱਲ ਦਾ ਧਿਆਨ ਰੱਖੋ ਕਿ ਤੁਹਾਡੇ ਆਪਣੇ ਸਿਰਫ ਉਹ ਹਨ ਜੋ ਤੁਹਾਡੇ ਤੇ ਯਕੀਨ ਕਰਦੇ ਹਨ। ਜੋ ਛੋਟੀ ਜਿਹੀ ਗਲਤ ਫਹਿਮੀ ਤੇ ਆ ਕੇ ਤੁਹਾਨੂੰ ਪੁੱਛਦੇ ਹਨ ਕਿ ਗੱਲ ਕੀ ਹੈ। ਉਹ ਨਹੀਂ ਜੋ ਗਲਤ ਫਹਿਮੀ ਦੀ ਗੰਢ ਮਾਰ ਕੇ ਰਿਸ਼ਤਾ ਤੋੜ ਲੈਂਦੇ ਹਨ। ਅਜਿਹੇ ਲੋਕਾਂ ਤੋਂ ਜਿੰਨੀ ਛੇਤੀ ਦੂਰ ਹੋ ਜਾਵੋਗੇ ਉਨਾ ਹੀ ਜ਼ਿੰਦਗੀ ਸੌਖੀ ਹੋ ਜਾਵੇਗੀ। ਵਿਸ਼ਵਾਸ ਕਰੋ ਇਹ ਲੋਕ ਤੁਹਾਡੇ ਲਈ ਨਹੀਂ ਬਣੇ। ਅਜਿਹੇ ਲੋਕਾਂ ਤੋਂ ਫਾਸਲਾ ਰੱਖੋ। ਰਿਸ਼ਤੇ ਤੁਹਾਡੇ ਲਈ ਹਨ ਤੁਸੀਂ ਰਿਸ਼ਤਿਆਂ ਲਈ ਨਹੀਂ। ਛੋਟੀ ਜਿਹੀ ਗੱਲ ਨੂੰ ਜੀਣ ਮਰਨ ਦਾ ਸਵਾਲ ਬਣਾ ਲੈਣਾ ਸਹੀ ਨਹੀਂ। ਪਤਾ ਹੈ ਜਿਨਾਂ ਬਿਨਾਂ ਸਰਦਾ ਨਹੀਂ ਉਹਨਾਂ ਨਾਲ ਖੁੱਲ ਕੇ ਗੱਲ ਕਰ ਲਵੋ। ਲੋਕਾਂ ਦੀਆਂ ਗੱਲਾਂ ਤੇ ਯਕੀਨ ਕਰਨ ਦੀ ਬਜਾਏ ਆਪਣਿਆਂ ਤੇ ਯਕੀਨ ਕਰੋ। ਵਿਸ਼ਵਾਸ ਵਿੱਚ ਬੜੀ ਤਾਕਤ ਹੁੰਦੀ ਹੈ। ਇਹ ਪੱਥਰ ਨੂੰ ਰੱਬ ਬਣਾ ਦਿੰਦਾ ਹੈ। ਬੰਦਾ ਤਾਂ ਫਿਰ ਬੰਦਾ ਹੈ।



**ਹਰਪ੍ਰੀਤ ਕੌਰ ਸੰਧੂ**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com